20 p
1958
p

राष्ट्रीय अभिलेखागार पुस्तकालय
NATIONAL ARCHIVES LIBRARY
भारत सरकार
Government of India
नई दिल्ली
New Delhi

आह्वानांक Call No.
अवाप्ति सं० Acc. No. 1958

1062
९१अ

1958

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਸਿੰਘ ਸਿਤ

ਰਚਿਤ ਤੇ ਪ੍ਰਕਾਸ਼ਕ

**ਭਾਈ ਵਿਧਾਤਾਸਿੰਘ ਜੀ**

**"ਤੀਰ"**

**ਮੰਗੋਣ ਦਾ ਪਤਾ:—**

ਸੋਢੀ ਉੱਤਮ ਸਿੰਘ ਹਰਨਾਮ ਸਿੰਘ ਪੁਸਤਕਾਂ ਛਾਪਨ ਤੇ
ਵੇਚਣ ਵਾਲੇ ਮਾਲਕ ਦੀ ਖਾਲਸਾ ਸ੍ਰੇਸ਼ਟ ਮਾਲਵਾ ਏਜੰਸੀ
ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ

ਮੋਖ ਅੱਠ ਆਨੇ ॥)

ਸਭ ਹੱਕ ਰਾਖਵੇਂ ਹਨ

੧ ਓ ਸਤਿਗੁਰ ਪ੍ਰਸਾਦਿ ॥

# ਤੀਰ ਤੁੰਗ

ਅਰਥਾਤ

## ਦਰਦ ਭਰੀ ਕਹਾਣੀ

(ਦੂਜੀ ਵਾਰ)

ਪਹਿਲਾ ਭਾਗ

ਕਰਤਾ ਤੇ ਪ੍ਰਕਾਸ਼ਕ
ਭਾਈ ਵਿਧਾਤਾ ਸਿੰਘ 'ਤੀਰ'
ਰਾਵਲਪਿੰਡੀ

ਮੰਗੌਣ ਦਾ ਪਤਾ–
ਸੋਢੀ ਉੱਤਮ ਸਿੰਘ ਹਰਨਾਮ ਸਿੰਘ ਪੁਸਤਕਾਂ ਛਾਪਣ ਤੇ ਵੇਚਣ ਵਾਲੇ ਮਾਲਕ ਦੀ ਖਾਲਸਾ ਸ੍ਰੇਸ਼ਟ ਮਾਲਵਾ ਏਜੰਸੀ
ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਨੈਸ਼ਨਲ ਪ੍ਰਿੰਟਿੰਗ ਵਰਕਸ ਅੰਮ੍ਰਿਤਸਰ ਵਿਚ ਭਾਈ [illegible] ਸਿੰਘ ਆਜ਼ਾਦ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ।

Lib 904/76 P3

ਵਾਹਿਗੁਰੂ ਜੀ ਕੀ ਫਤਹ

NATIONAL ARCHIVES LIBRARY
No. 1958
Date 1-2-72
GOVT. OF INDIA

# ਸਮਰਪਨ

ਸ੍ਰੀ ਮਾਨ ਗਿਆਨੀ ਹੀਰਾ ਸਿੰਘ ਜੀ 'ਦਰਦ'
ਦੀ ਸੇਵਾ ਵਿਚ ਕਰਤਾ ਵਲੋਂ ਨਿਮਾਣੀ ਭੇਟ

---o---

ਵਾਹ ਵਾਹ ਪੰਛੀ ਸੁਰਗਾਂ ਦਾ,
ਕਈ **ਦਰਦ** ਦਲਾਂ ਵਿਚ ਵਸਦਾਏ
ਮੇਰੇ ਵਰਗੇ ਬੰਦੇ ਦਾ ਦਿਲ,
ਦਰਸ਼ਨ ਤਾਈਂ ਤਰਸਦਾ ਏ
ਤੇਰੇ ਬ੍ਰਿਹੁੰ ਵਿਚ 'ਤੀਰ' ਖਾਂਦਿਆਂ,
ਕਿਤਨੀ ਉਮਰ ਵਿਹਾਣੀ ਵੇ
ਲੈ ਅੜਿਆ ਏਹ ਤੇਰੀ ਭੇਟਾ,
ਫਲ ਕਰਕੇ ਜਾਣੀ ਵੇ

ਦਾਸ—

**ਬ੍ਰਿਹੋਂ ਕੁੱਠਾ "ਤੀਰ"**

ੴ ਸਤਿਗੁਰ ਪ੍ਰਸਾਦਿ ॥

# ਬੁਲ ਬੁਲ ਦੀ ਕਫ਼ਸ ਵਿਚ ਬੇਤਾਬੀ !

ਚਮਨ ਵੇਖ ਖਿੜਿਆ ਖਿੜੇ ਫੁਲ ਵੇਖੇ,
ਬੁਲਬੁਲ ਟਹਿਲਣੇ ਵਾਸਤੇ ਵੜੀ ਆਕੇ ।
ਨ ਅਰਮਾਨ ਲਥਾ ਨ ਥਕਾਨ ਮੁਕੀ,
ਪੁਜੀ ਕਹਿਰ ਤੇ ਕਟਕ ਦੀ ਘੜੀ ਆਕੇ ।
ਲਥੀ ਵੇਖ ਨ ਸਦਰ ਗੁਲਜ਼ਾਰ ਦੀ ਏ,
ਯਕਾ ਯਕ ਸਯਾਦ ਨੇ ਫੜੀ ਆਕੇ ।
ਫੁਰਤੀ ਨਾਲ ਆ ਕਫਸ ਦੇ ਵਿਚ ਪਾਯਾ,
ਬੋਲੀ ਆਹ ਭਰਕੇ ਡਾਢੀ ਸੜੀ ਆਕੇ ।
ਕਫਸ ਵਿਚ ਸਯਾਦ ਨੇ ਕੈਦ ਕੀਤਾ,
ਬੰਦੀਵਾਨ ਕਰਕੇ ਦਿਤਾ ਮਾਰ ਤਾਲਾ ।
ਖੋਹੇ ਖੰਭ ਸਰੀਰ ਤੋਂ ਦੁਖੀ ਕਰਕੇ,
ਮਿਲੇ ਖਾਣ ਨੂੰ ਨ ਡਾਢਾ ਪਏ ਪਾਲਾ ।
ਨਾਮ ਸਾਂਈ ਦਾ ਭੁਲਕੇ ਬੋਲਦੀ ਜੇ,
ਪਿੰਡੇ ਪੈਣ ਛੜੀਆਂ ਨਿਕਲੇ ਆਹੇ ਨਾਲਾ ।
ਆ ਅਜ਼ਾਦੀਏ ਤੁਧ ਨੂੰ ਗਲੇ ਲਾਂਵਾਂ,
ਤੇਰੇ ਨਾਮ ਦੀ ਸਿਮਰਦੀ ਪਈ ਮਾਲਾ ।
ਐ ਸਯਾਦ ਜਾਬਰ ਜਬਰ ਕਰਨ ਵਾਲੇ,
ਕਰਲੈ ਜਬਰ ਤੂੰ ਜਿਤਨੀ ਬੇਦਾਦ ਕਰਨੀ ।
ਕਫਸ ਵਿਚ ਰਹਿਣਾ ਸੀਸ ਕਸ਼ਟ ਸਹਿਣਾ,
ਤੇਨੂੰ ਨਹੀਂ ਕਹਿਣਾ ਨ ਫਰਯਾਦ ਕਰਨੀ ।

ਤਨ ਜਾਨ ਤੀਕਰ ਤੇ ਸੰਤਾਂਨ ਤੀਕਰ,
ਵੇਕੇ ਪ੍ਰਾਨਤਕ ਫੁਲਮਨ ਆਬਾਦਕਰਨੀ।
ਐ ਅਜਾਦ ਬੁਲਬੁਲ ਫਿਰਨ ਫੇਰ ਗੁਲਗੁਲ,
ਰਹਿਸੀ ਯਾਦ ਪਰ ਤੇਰੀ ਜਲਾਦਕਰਨੀ।
ਸੂਰਜ ਚੰਦ ਤਾਰੇ ਅਗਨੀ ਪਉਣ ਪਾਣੀ,
ਜਦੋਂ ਤੀਕ ਇਹ ਧਰਤਅਸਮਾਨਰਹਿਸੀ।
ਜਾਂਈਆਂ ਉਜੜਿਆ ਰਹੇਂਗਾ ਵਸੇਂਗਾਨ,
ਝੁਗਾ ਤੁਧ ਦਾ ਬੀ ਸੁਨ ਸਾਨ ਰਹਿਸੀ।

## ਜਾਬਰ ਤੇ ਸਾਬਰ

ਜਾਬਰ ਕਹੇ ਮੈਂ ਤਾਣ ਤੇ ਬਲ ਵਾਲਾ,
ਮੇਰੇ ਜਿਹਾ ਨ ਕੋਈ ਸੰਸਾਰ ਅੰਦਰ।
ਜੇਹਲਾਂ ਤੋਪਖਾਨੇ ਲਖਾਂ ਫੌਜ ਮੇਰੀ,
ਤਖਤ ਤਾਜ਼ ਮੇਰਾ ਤੇ ਇਖਬਾਲ ਮੇਰਾ।
ਜਿਸਨੂ ਜੀ ਚਾਹੇ ਦਵਾਂ ਚਾੜ ਫਾਸੀ,
ਫਾਸੀ ਚੜ੍ਹਿਆਂ ਤਾਈਂ ਛੁੜਾ ਦੇਵਾਂ।
ਡਾਕੂ ਚੋਰ ਬਦਕਾਰ ਸਭ ਯਾਰ ਮੇਰੇ,
ਕੌਣ ਕਰ ਸਕੇ ਵਿੰਗਾ ਵਾਲ ਮੇਰਾ।
ਕਰਕਰ ਜਬਰ ਗਾਲਾਂ ਸਣੇ ਟਬਰਾਂ ਮੈਂ
ਮੈਨੂ ਖੌਫ ਨ ਕਿਸੇ ਦਾ ਮੂਲ ਮਾਸਾ।
ਮੇਰੇ ਜ਼ੋਰ ਦਾ ਮੰਨਿਆ ਲੋਹਾ ਸਾਰੇ,
ਹੁਕਮ ਕੋਈ ਨ ਸਕਦਾ ਟਾਲ ਮੇਰਾ।
ਪਲਕਝਲਕ ਵਿਚ ਖਲਕਨੂ ਕਰਾਂਵੇਰੀ,
ਹੁਕਮ ਕਰਦਿਆਂ ਰਤਾਂ ਨ ਲਗੇ ਦੇਰੀ।

ਐਸ ਵਕਤ ਢਠੀ ਹੈ ਕਮਾਨ ਮੇਰੀ,
ਬਚਾ ੨ ਹੀ ਜਾਣਦਾ ਹਾਲ ਮੇਰਾ।

(ਸਾਬਰ)

ਜਾਬਰ ਕਹੇ ਨ ਮਾਣ ਕਰ ਤਾਕਤਾਂ ਦਾ,
ਰਾਜ ਸਾਜ ਦਾ ਏਡਾ ਹੰਕਾਰ ਨ ਕਰ।
ਲਥੇ ਚੀਰ ਨ ਤੈਥੋਂ ਦਰੋਪਤੀ ਦੇ,
ਹੈਂਕੜ ਗਈ ਮਾਰੀ ਹੈਂਕੜ ਖਾਨ ਤੇਰੀ।
ਕਰ ੨ ਜ਼ੋਰ ਅਜ਼ਮਾਇਸ਼ਾਂ ਤਾਣ ਲਾਕੇ,
ਅੰਤ ਰਿਹੋਂ ਨਿਵਦਾ ਮੇਰੀ ਢਾਲ ਅਗੇ।
ਸਬਰ ਰੂਪ ਸੀਤਾ ਤੇਰਾ ਖ਼ੂਨ ਪੀਤਾ,
ਧਰਤੀ ਧਰੀ ਰਹੀ ਤੀਰੇ ਕਮਾਨ ਤੇਰੀ।
ਤਤੇ ਥੰਮ ਕਰਕੇ ਬੁਰਾ ਕੰਮ ਕਰਕੇ,
ਜਦੋਂ ਨਾਲ ਪ੍ਰਹਿਲਾਦ ਨੂੰ ਲਾਣ ਲਗੋਂ।
ਮੇਰੇ ਸਬਰ ਨੇ ਹੀ ਨਰਸਿੰਘ ਰੂਪ ਹੋਕੇ,
ਮਾਰ ਨੌਹਦਰਾਂ ਸੀ ਕਢੀ ਜਾਨ ਤੇਰੀ।
ਵੇਕੇ ਦੁਖ ਮਸੂਮਾਂ ਨੂੰ ਨੀਂਹ ਅੰਦਰ,
ਅੜਿਆ ਦਸ ਖਾਂ ਤੂਧ ਨੇ ਖਟਿਆ ਕੀ ?

—o—

ਨ ਉਹ ਰਾਜ ਰਿਹਾ ਨ ਉਹ ਤਾਜ ਰਿਹਾ,
ਨ ਉਹ ਰਹੀ ਇਜ਼ਤ ਤੇ ਨ ਸ਼ਾਨ ਤੇਰੀ।
ਮਨੀ ਸਿੰਘ ਦਾ ਅੰਗ ੨ ਕਟਿਓ ਈ,
ਹਾ ! ਦੁਖਾਇਓ ਈ ਤਾਰੂ ਸਿੰਘ ਜਦੋਂ।
ਮੇਰੇ ਸਬਰ ਨੇ ਹੀ ਦਿਤਾ ਭੇਜ ਪੌਲਾ,
ਚੜ੍ਹਕੇ ਸੀਸ ਜਿਸ ਕੀਤੀ ਕਲਆਨ ਤੇਰੀ।

ਹੁਣ ਬੀਯਾਦ ਰਖ ਸਬਰ ਹੈ ਉਹੋ ਮੇਰਾ,
ਸਚੇ ਵਾਹਿਗੁਰੂ ਨੇ ਮੈਨੂੰ ਬਖਸ਼ਿਆ ਏ ।
'ਤੀਰ' ਜਬਰ ਦੇ ਝੱਲਕੇ ਛਾਤੀਆਂ ਤੇ,
ਖੇਤੀ ਸਿਤਮ ਦੀ ਕਰਨੀ ਵੈਰਾਨ ਤੇਰੀ

—o—

## "ਹਿੰਦੀ ਚਮਨ ਹੋ ਰਿਹਾ ਬਰਬਾਦ ਸਾਂਈਆਂ"

ਮਾਰਨ ਧਰਮੀਆਂ ਨੂੰ ਜਬਰ ਬਾਜ਼ ਲਗਾ,
ਹਾਏ ਕਹਿਰ ਦੇ ਮੀਂਹ ਵਰਸਾਨ ਲਗਾ ।
ਕਾਤੀ ਸਖਤੀ ਦੀ ਤੇਜ਼ ਚਲਾਣ ਲਗਾ,
ਬਣ ਬੇਰਹਿਮ ਬੇਦਰਦ ਜਲਾਦ ਸਾਂਈਆਂ ।
ਹਦੋਂ ਵਧਕੇ ਕਾਰੇ ਕਮਾਣ ਲਗਾ,
ਉਡਦੇ ਪੰਛੀਆਂ ਜਾਲੀਂ ਫਸਾਣ ਲਗਾ ।
ਕਫਸ ਵਿਚ ਪਾਕੇ ਤਾਲੇ ਲਾਣ ਲਗਾ,
ਰਤੀ ਮਿਹਰ ਦਾ ਨਹੀਂ ਸਵਾਦ ਸਾਂਈਆਂ ।
ਪੁਟ ਪੁਟ ਕੇ ਬਾਗ ਸੁਕਾਣ ਲਗਾ,
ਵਾੜ ਹੋਇਕੇ ਖੇਤ ਨੂੰ ਖਾਣ ਲਗਾ ।
ਵੇਲਾ ! ਫੁਲਾਂ ਬਿਰਛਾਂ ਨੂੰ ਜਲਾਣ ਲਗਾ,
ਹਿੰਦੀ ਚਮਨ ਹੋ ਰਿਹਾ ਬਰਬਾਦ ਸਾਂਈਆਂ ।
ਕੋਈ ਵੇਖ ਟਿਕਟਿਕੀ ਤੇ ਚਾੜ੍ਹਦਾ ਏ,
ਕੋਈ ਢਿੱਡਾਂ ਹੇਠ ਲਤਾੜਦਾ ਏ ।
ਕੋਈ ਦੰਨ ਬਿਰਛਾਂ ਨਾਲ ਸਾੜਦਾ ਏ,
ਪਰ ਉਹ ਕਰਦੇ ਅਨੰਦ ਅਹਿਲਾਦ ਸਾਂਈਆਂ ।
ਹਾਲਤ ਦੇਸ ਦੀ ਹੋਈ ਲਾਚਾਰ ਡਾਢੀ,

ਭਾਰਤ ਮਾਤ ਹੋ ਗਈ ਦੁਖਿਆਰ ਡਾਢੀ
ਧਾਹੀਂ ਮਾਰ ਰੁੰਨੀ ਜਾਰੋ ਜਾਰ ਡਾਢੀ,
ਆਂਹੀ ਮਾਰਦੀ ਕਰੇ ਫਰਿਆਦਸਾਈਆਂ।
ਕਦੀ ਮਾਲ ਦੌਲਤ ਘਰੋਂ ਲੁਟਦਾ ਏ,
ਕਦੀ ਜੇਹਲਖਾਨੇ ਅੰਦਰ ਸੁਟਦਾ ਏ।
ਪਕੜ ਜਕੜ ਦਾ ਮਾਰਦਾ ਕੁਟਦਾ ਏ,
ਲੋਹਾ ਕੁਟਦਾ ਜਿਵੇਂ ਹਦਾਦ ਸਾਈਆਂ।
ਕਰਦਾ ਦੁਖੀ ਹੈ ਕਦੇ ਕ੍ਰਿਪਾਨ ਬਦਲੇ,
ਧਰਮ ਮੁਲਕ ਦਾ ਸੇਵਾ ਕਮਾਨ ਬਦਲੇ।
ਕਦੀ ਨਾਹਰਾ ਅਜ਼ਾਦੀ ਦਾ ਲਾਨ ਬਦਲੇ,
ਦੇਂਦਾ ਕਸ਼ਟ ਜ਼ ਬਰ ਨਾਮੁਰਾਦਸਾਈਆਂ।
ਰਿਦਾ ਦਰਦ ਸੰਗ ਕਰੀਂ ਭਰਪੂਰ ਸਾਡਾ,
ਕਰੀਂ ਰੋਗ ਗੁਲਾਮੀ ਦਾ ਦੂਰ ਸਾਡਾ।
ਸਦਾ ਵਸੀਏ ਪੰਛੀਆਂ ਵਾਂਗ ਖੁਲ੍ਹੇ,
ਉਡੀਏ ਚਮਨ ਵਿਚ ਖੁਸ਼ੀ ਆਜ਼ਾਦ ਸਾਂਈਆਂ।

—o—

## ਗਾਨਾ ਬੰਨ੍ਹ ਲੈ ਹਥ ਸ਼ਹੀਦੀਆਂ ਦਾ

ਨਿਤਰ ਸੂਰਮੇ ਅਜ ਮੈਦਾਨ ਅੰਦਰ,
ਜਿੰਦੜੀ ਵਾਰਨੇ ਲਈ ਤਿਆਰ ਹੋ ਜਾ।
ਸੀਸ ਗੁਰੂ ਦਾ ਗੁਰੂ ਦੇ ਲਾ ਲੇਖੇ,
ਜਨਮ ਮਰਨ ਕਟ ਭਵਜਲੋਂ ਪਾਰ ਹੋ ਜਾ।
ਜਰੀਂ ਜੁਲਮ ਨ ਕਰੀਂ ਕਲਾਮ ਅਗੋਂ,
ਸ਼ਾਂਤਮਈ ਹੋ ਤੇ ਖਬਰਦਾਰ ਹੋ ਜਾ।

ਜੇਕਰ ਸੀਸ ਦਿਤਾਈ ਕਲਗੀਵਾਲੜੇਨੂੰ,
ਤਾਂ ਫਿਰ ਉਸੇ ਦੇ ਦਰ ਤੇ ਨਸਾਰ ਹੋ ਜਾ।
ਖੰਜਰ ਤੋਪ ਤਲਵਾਰ ਤੋਂ ਭੈ ਕਾਹਦਾ,
ਛਾਤੀ ਡਾਹ ਤੇ ਸਾਮਣੇ ਖਾ ਗੋਲੀ।
ਲਗੇ 'ਤੀਰ' ਜਾਂ ਲਹੂ ਦੀ ਧਾਰ ਵਰੇ,
ਜਾਣੀਂ ਖੇਡਦਾ ਪਿਆ ਹਾਂ ਪ੍ਰੇਮ ਹੋਲੀ।
ਵੀਰ ਤੁਧ ਦੇ ਵੇਖ ਲੈ ਪੰਥ ਖਾਤਰ,
ਹਸ ਹਸਕੇ ਜਿੰਦੜੀਆਂ ਦਾਨ ਕਰ ਗਏ।
ਦਿਤਾ ਸੀਸ ਪਰ ਧਰਮ ਨ ਜਾਣ ਦਿਤਾ,
ਮਾਤਾਪਿਤਾਦੀ ਕੁਖ ਕਲਿਆਨ ਕਰਗਏ।
ਜਾਨਾਂ ਵਾਰਕੇ ਭਠੀਆਂ ਵਿਚ ਪੈਕੇ,
ਤੇਰੇ ਵਾਸਤੇ ਰਸਤਾ ਮੈਦਾਨ ਕਰ ਗਏ।
ਜਾਂਦੀ ਆਨ ਰਖ ਗਏ ਦੋਨੀ ਸ਼ਾਨ ਕਰਗਏ,
ਵਾਰ ਅੰਤ ਦੀ ਸੋਹਣਾ ਨਿਸ਼ਾਨਧਰਗਏ।
ਤੂੰ ਬੀ ਹੁਕਮ ਦੀ ਰਖ ਉਡੀਕ ਬੀਬਾ,
ਗਾਨਾ ਬੰਨ ਲੈ ਹਥ ਸ਼ਹੀਦੀਆਂ ਦਾ।
ਜਿੰਦੜੀ ਤਲੀ ਧਰ ਪ੍ਰੇਮਦੀ ਗਲੀ ਆਜਾ,
ਮਜ਼ਾ ਵੇਖ ਹੁਣ ਪੀਰ ਮੁਰੀਦੀਆਂ ਦਾ।

—o—

ਸਾਡਾ ਰੋਗ ਗੁਲਾਮੀ ਦਾ ਜਾਂਵਦਾ ਰਹੇ,
ਅੜਿਆ ਜੋਗੀਆ ਦੇਹ ਦਵਾ ਐਸੀ।
ਕਬਜੀ ਈਰਖਾ ਦੀ ਕਰਦੇ ਦੂਰ ਸਾਡੀ,
ਫਕੀ ਦੇਹ ਕੋਈ ਕਬਜ ਕੁਸ਼ਾ ਐਸੀ।
ਜਖਮ ਫੁਟ ਦੇ ਰਹਿਣ ਨ ਕਿਸੇ ਸੀਨੇ,

ਮਰਹਮ ਏਕਤਾ ਦੀ ਕਢਕੇ ਲਾ ਐਸੀ।
ਸਦਕੇ ਹੋਵਈਏ ਵਤਨ ਦੇ ਨਾਮ ਉਤੋਂ,
ਜੜੀ ਘੋਲਕੇ ਕੋਈ ਪਿਲਾ ਐਸੀ।
ਮਿਲਨ ਵੀਰ ਵਿਛੜੇ ਨਿਕਲੇਤੀਰਬ੍ਰਿਹੋਂ,
ਚੁਟਕੀ ਦੇਹ ਕਰਾਮਾਤ ਦੀ ਸਵਾਹ ਐਸੀ।
ਬੰਦੀਵਾਨਾ ਦੀ ਬੰਦ ਖਲਾਸ ਹੋਵੇ,
ਭਰੀ ਦਰਦ ਦੀ ਕਿੰਗਰੀ ਵਾ ਐਸੀ।

—o—

## ਕ੍ਰਿਪਾਨ ਦੇ ਹੰਝੂ

ਕਦੀ ਸਮਾ ਸੀ ਜੋਧਿਆਂ ਕੋਲ ਰਹਿਕੇ,
ਜ਼ੁਲਮ ਨਾਸ ਕਰਕੇ ਸੋਹਣਾ ਸਜਦੀ ਸਾਂ।
ਜ਼ਾਲਮ ਮਾਰਦੀ ਦੁਸਟ ਸੰਘਾਰਦੀ ਸਾਂ,
ਮੌਤ ਰੂਪ ਹੋਕੇ ਖੂਬ ਗਜਦੀ ਸਾਂ।
ਦੰਡ ਦੇਂਵਦੀ ਸਾਂ ਅਤਿਆਚਾਰੀਆਂ ਨੂੰ,
ਧਰਮ ਚਾਰੀਆਂ ਦੇ ਪੜਦੇ ਕਜਦੀ ਸਾਂ।
ਦੁਖੀ ਵੇਖ ਦੁਖਯਾਰ ਨੂੰ ਹੋਂਵਦੀ ਸਾਂ,
ਜ਼ੁਲਮ ਵੇਖ ਮਿਟਾਣ ਲਈ ਭਜਦੀ ਸਾਂ।
ਸਮੇਂ ਗੇੜ ਖਾਧਾ ਭਾਣਾ ਵਰਤਿਆ ਏਹ,
ਰਹੀ ਜਿਸਮ ਮੇਰੇ ਅੰਦਰ ਜਾਨ ਬਾਕੀ।
ਤਿਨ ਫੁਟ ਤੋਂ ਬਦਲਕੇ ਤਿਨ ਸੂਤਰ,
ਰਿਹਾ ਸਿਰਫ ਕ੍ਰਿਪਾਨ ਨਿਸ਼ਾਨ ਬਾਕੀ।
ਲੁਕ ਛਿਪਕੇ ਵਕਤ ਟਪਾਣ ਲਗੀ,
ਬੰਦੀਵਾਨ ਵਾਂਗੂੰ ਭੀੜੀ ਜਾ ਮਿਲ ਗਈ।

ਫੰਧਾ ਮੁਝ ਖਾਤਰ ਸ਼ਾਹੀ ਜੇਹਲ ਬਣਯਾ,
ਘੋਰ ਦੁਖੀ ਨੂੰ ਕੈਦ ਤਿਨਹਾ ਮਿਲ ਗਈ।
ਹਵਾ ਜਗਤ ਦੀ ਮਿਲੇ ਨ ਤਰਸਦੀ ਨੂੰ,
ਕਾਲ ਰੂਪ ਕੋਠੀ ਕਾਲੀਸ਼ਾਹ ਮਿਲਗਈ।
ਦਿਨ ਰਾਤ ਗੁਜਾਰਦੀ ਜ਼ਾਰੀਆਂ ਕਰ,
ਸਬਰ ਖਾਣ ਨੂੰ ਪੀਣਨੂੰ ਆਹਮਿਲਗਈ।
ਹਾਲਤ ਵੇਖ ਅਪਣੀ ਲਗਾ ਤੀਰ ਸੀਨੇ,
ਉਠਿਆਦਰਦ ਤੇ ਸਖਤ ਲਾਚਾਰਹੋਗਈ।
ਕਰਆਜ਼ਾਦਮੇਰੀ ਇਹਫਰਿਆਦਸਾਈਆਂ,
ਲੜੀਆਂ ਮਾਰ ਧਾਈਆਂ ਜ਼ਾਰੋਜ਼ਾਰ ਹੋਈ।
ਸਾਈਂ ਮਿਹਰ ਦੁਖਯਾਰ ਤੇ ਆਨ ਕੀਤੀ,
ਜੋਧੇ ਭੇਜ ਦਿਤੇ ਅਨਖ ਆਨ ਵਾਲੇ।
ਮੇਰੇ ਨਾਮ ਤੋਂ ਸਦਕੜੇ ਹੋਣ ਵਾਲੇ,
ਮੇਰੀ ਦੇਹੀ ਨੂੰ ਗਾਤਰੇ ਪਾਨ ਵਾਲੇ।
ਬਚਨ ਸੀਸ ਦੇ ਨਾਲ ਨਿਭਾਨ ਵਾਲੇ,
ਅੰਗ ਅੰਗ ਟੋਟੇ ਕਰ ਕਟਾਨ ਵਾਲੇ।
ਬੰਦੀ ਪਿਆਂ ਨੂੰ ਬਾਹਰ ਕਢਾਨ ਵਾਲੇ,
ਸ਼ਾਂਤੀ ਸਬਰ ਦੇ ਤੀਰ ਕਮਾਨ ਵਾਲੇ।
ਜਿਨਾ ਤਾਈਂ ਕੁਰਬਾਨੀ ਦਾ ਚਾ ਚੜ੍ਹਿਆ,
ਹੀਰੇ ਕੌਮ ਦੇ ਨੌ ਨਿਹਾਲ ਕਿਤਨੇ।
ਭਾਰਤ ਮਾਤ ਦੀ ਕੁਖ ਤੋਂ ਜਨਮ ਲੈਕੇ,
ਪੈਦਾ ਹੋ ਗਏ ਗੁਰੂ ਦੇ ਲਾਲ ਕਿਤਨੇ।
ਐਪਰ ਸ਼ੋਕ ਧਾਰਨ ਕੀਤਾ ਜਿਨਾ ਮੇਰਾ,
ਹਾਏ ਜ਼ਾਲਮਾਂ ਉਹ ਗ੍ਰਿਫਤਾਰ ਕੀਤੇ।

ਕਿਤਨੇ ਭੇਜ ਦਿਤੇ ਕਾਲੇ ਪਾਣੀਆਂ ਨੂੰ,
ਕਿਤਨੇ ਬੰਦ ਜਿਹਲਾਂ ਅੰਦਰਵਾਰ ਕੀਤੇ।
ਕਿਤਨੇ ਭੁਖਿਆਂ ਮਾਰੇ ਅਜ਼ਾਬ ਦੇਕੇ,
ਚਿੜੀਆਂ ਵਾਂਗ ਕਿਤਨੇ ਹੀ ਸ਼ਕਾਰ ਕੀਤੇ।
'ਤੀਰ' ਜ਼ਾਬਰਾਂ ਦੇ ਖਾ ਖਾ ਧਰਮੀਆਂ ਨੇ,
ਸੀਸ ਮੁਝ ਖਾਤਰ ਸੀ ਨਸਾਰ ਕੀਤੇ।
ਆਖਰਸਚ ਦਾ ਹੋ ਗਿਆ ਬੋਲ ਬਾਲਾ,
ਜਿੰਦੜੀ ਮੁਝਦੀ ਸੁਖੀ ਅਜ਼ਾਦ ਹੋ ਗਈ।
ਮੇਰੀ ਫਾਹੀ ਗੁਲਾਮੀ ਦੀ ਦੂਰ ਹੋਈ,
ਸਾਂਈ ਮਿਹਰ ਕੀਤੀ ਤਪਦੀਸਾਂਤ ਹੋਗਈ
ਐਪਰ ਫੇਰ ਆ ਸਮਾ ਪਲਟੀਜਿਆ ਏ,
ਉਸੇ ਫਾਹੀ ਵਿਚ ਮੈਨੂੰ ਫਸਾਂਣ ਲਗੇ।
ਜਿੰਦਾਂ ਵਾਰੀਆਂ ਕੀਤੀਆਂ ਕਾਰੀਆਂ ਤੇ,
ਹਾਏ ਫੇਰ ਹੁਣ ਪਾਣੀ ਫਿਰਾਣ ਲਗੇ।
ਤਿੰਨ ਫੁਟ ਤੋਂ ਫੁਟ ਨੌਂ ਇੰਚ ਕਰਕੇ,
ਹੇਠਾਂ ਕੁੜਤਿਆਂ ਦੇ ਮੈਨੂੰ ਪਾਣ ਲਗੇ।
ਭਾਵੀ ਫੇਰ ਖਾਧਾ ਕਈ ਸਿਖ ਬੀਬੇ,
ਹਾਏ ਦੁਖੀ ਦੀ ਸ਼ਾਨ ਗਵਾਣ ਲਗੇ।
ਸਾਈਆਂਭੇਜ ਕੋਈ ਆਪਣਾ ਜੀਵ ਪ੍ਰੇਮੀ,
ਜਿਹੜਾ ਭੁਲਿਆਂ ਨੂੰ ਰਾਹ ਦਸ ਜਾਵੇ।
ਹਰਇਕ ਸਿੰਘ ਦੇ ਗਾਤ੍ਰੇ ਤੇਗ ਹੋਵੇ,
ਪਿਆਰ ਸਾਰਿਆਂ ਦੇ ਦਿਲੀਂਵਸ ਜਾਵੇ।
ਬੀਰ ਖਾਲਸਾ ਸਾਂਈ ਦਾ ਵਾਸਤਾ ਜੇ,
ਮੇਰੀ ਕੂਕ ਨੂੰ ਕਦੇ ਭੁਲਾਵਣਾ ਨਾ।

ਐਸ ਵਕਤ ਮੇਰੀ ਸ਼ਾਨ ਉੱਚੜੀ ਏ,
ਦੇਣਾ ਰੋਲ ਮਿਟੀ ਵਿਚ ਮਿਲਾਵਣਾ ਨਾ।
ਮੈਨੂੰ ਸਤਿਗੁਰਾਂ ਨੇ ਤੁਹਾਡੇ ਗਲੇ ਲਾਯਾ,
ਸਦਾ ਲਾਈ ਰਖਣਾ ਵੀਰੋ ਲਾਹਵਣਾ ਨਾ
ਸਦਾ ਰਖਣਾ ਸਰੀਰ ਦੇ ਨਾਲ ਲਾਕੇ,
ਕਰੜਾ ਬ੍ਰਿਹੋਂ ਦਾ ਤੀਰ ਚਲਾਵਣਾ ਨਾ।
ਸਾਂਈ ਭਾਵਿਆ ਤਾਂ ਤੁਸਾਂ ਸੰਗ ਰਹਿਕੇ,
ਦੁਖੀ ਹਿੰਦ ਦੀ ਜਿੰਦ ਅਜ਼ਾਦ ਕਰਸਾਂ।
ਦੁਖੀ ਆਹ ਭਰਸਾਂ ਤੇ ਫਰਿਆਦ ਕਰਸਾਂ,
ਜ਼ੁਲਮ ਜਬਰ ਨੂੰ ਜੜ੍ਹੋਂ ਬਰਬਾਦ ਕਰਸਾਂ।

--o--

## ਖੇਡੀਆਂ ਹੋਲੀਆਂ ਨੇ

ਮਨਾ ਵੇਖ ਅੜਿਆ ਜ਼ਰਾ ਮਾਰ ਝਾਤੀ,
ਜਿੰਦਾ ਕਿਸਤਰਾਂ ਜੋਧਿਆਂ ਘੋਲੀਆਂ ਨੇ।
ਨਾਨਕ ਗੁਰੂ ਦੇ ਜਨਮ ਅਸਥਾਨ ਅੰਦਰ,
ਜਿੰਦਾ ਵਾਰਕੇ ਖੇਡੀਆਂ ਹੋਲੀਆਂ ਨੇ।
ਚੜ੍ਹਿਆ ਜਿਨਾਂ ਨੂੰ ਚਾਉ ਕੁਰਬਾਨੀਆਂ ਦਾ,
ਹਿਕਾਂ ਡਾਹਕੇ ਖਾਧੀਆਂ ਗੋਲੀਆਂ ਨੇ।
ਪੀਪੇ ਤੇਲ ਦੇ ਹਾਏ ਪੁਆਕੇ ਤੇ,
ਸੜੇ ਪੈ ਭਠੀ ਖਾ ਖਾ ਬੋਲੀਆਂ ਨੇ।
(ਲਖਾਂ ਖੋਭ ਕਲੇਜੜੇ 'ਤੀਰ' ਭਾਂਵੇ)
ਜਾਬਰ ਸਾਂਈਤੋਂ ਡਰ ਏਡਾ ਜੁਲਮ ਨ ਕਰ,
ਹਦੋਂ ਵਧਕੇ ਸਿਤਮ ਬੇਦਾਦ ਨ ਕਰ।

ਅਗੇ ਲਦ ਗਏ ਸ਼ਾਹ ਕਈ ਤਾਕਤਾਂ ਦੇ,
ਘੜੀ ਪਲ ਲਈ ਅੜਿਆ ਫਸਾਦਨ ਕਰ।
ਮਤਾਂ ਆਪਣੇ ਚਮਨ ਤੇ ਖਿਜ਼ਾਂ ਆਵੀ,
ਖੇਤੀ ਦੁਖੀ ਦੀ ਵੇਖ ! ਬਰਬਾਦਨ ਕਰ।
'ਤੀਰ' ਮਾਰ ਬੇਦੋਸ ਮਜ਼ਲੂਮ ਤਾਈਂ,
ਹਾਏ ਜ਼ੁਲਮ ਕਿ ਕਹੇਂ ਫਰਿਆਦ ਨ ਕਰ।
ਬੁਰੀ ਆਹ ਮਜ਼ਲੂਮ ਦੀ ਕਹਿਣ ਲੋਕੀ,
ਅਰਸ਼ ਕੁਰਸ਼ ਤੇ ਤਖਤੇ ਉਖਾੜ ਸੁਟਦੀ।
ਬਾਗ ਜ਼ੁਲਮ ਦਾ ਪਲਾਂਵਚ ਉਜਾੜਦੇਂਦੀ,
ਬੂਟਾ ਸਿਤਮ ਅਨਯਾਉਂ ਦਾ ਸਾੜ ਸੁਟਦੀ।

—o—

ਦੇਕੇ ਕਸ਼ਟ ਅਜ਼ਾਬ ਬੇਦੋਸਤਾਂ ਦੀ,
ਛਾਤੀ ਆਪਣੀ ਜ਼ਾਲਮਾ ਸ਼ਾਂਤ ਨ ਕਰ।
ਫਾਹੀ ਪਾ ਅਜ਼ਾਦੀ ਦੀਆਂ ਬੁਲਬੁਲਾਂ ਨੂੰ,
ਨਾਮ ਆਪਣਾ ਰੋਸ਼ਨ ਜ਼ਲਾਦ ਨ ਕਰ।
ਸਾਈਂ ਵੇਖਦਾ ਸਾਰਿਆਂ ਕਾਰਿਆਂ ਨੂੰ,
ਦੈਂਤ ਹੋਇਕੇ ਦੁਖੀ ਪ੍ਰਹਿਲਾਦ ਨ ਕਰ।
ਕਿਕਰ ਬੀਜ ਕੇ ਬੀਜਨਾਏ ਬੀਜ ਸੂਲਾਂ,
ਦਾਖ ਖਾਣ ਦੀ ਦਿਲੋਂ ਮੁਰਾਦ ਨ ਕਰ।

—o—

ਚਾਰ ਦਿਨਾਂ ਦੀ ਖੇਡ ਸੰਸਾਰ ਉਤੇ,
ਸਦਾ ਨਹੀਂ ਇਹ ਖਿੜੀ ਗੁਲਜ਼ਾਰ ਦਿਸਣੀ।
'ਤੀਰ' ਦੁਖੀ ਦੀ ਆਹ ਦਾ ਜਦੋਂ ਛੁਟਯਾ,
ਬਣੀ ਸਦਾ ਨ ਬਾਗ ਬਹਾਰ ਦਿਸਣੀ।

ਅਸਾਂ ਦੀਦ ਅਜ਼ਾਦੀ ਦਾ ਵੇਖਣਾ ਹੈ,
ਨਾਲ ਆਰਿਆਂ ਦੇ ਪਿਆ ਚੀਰ ਭਾਂਵੇ।
ਸੀਸ ਤਲੀ ਧਰਨਾ ਮੌਤੋਂ ਕੀ ਡਰਨਾ,
ਕੋਹਲੂ ਪਾਇ ਕੇ ਪੀੜ ਸਰੀਰ ਭਾਂਵੇ।
ਛਾਤੀ ਮਾਰ ਗੋਲੀ ਗਲੇ ਪਾ ਫਾਸੀ,
ਪੈਰੀਂ ਬੇੜੀਆਂ ਹਥੀਂ ਜੰਜੀਰ ਭਾਵੇ
ਚਾੜ ਚਰਖੜੀ ਸਾੜ ਦੇ ਅਗ ਲਾਕੇ,
ਲਖਾਂ ਖੋਭ ਕਲਜਤੇ "ਤੀਰ" ਭਾਵੇ।
ਤੈਂ ਨੂੰ ਕਸਮ ਜੇ ਜ਼ੁਲਮ ਤੋਂ ਕਰੇਂ ਤੋਬਾ,
ਸਾਂਨੂੰ ਕਸਮ ਜੇ ਅਸੀ ਫਰਿਆਦ ਕਰੀਏ।
ਤੈਂ ਨੂੰ ਕਸਮ ਨ ਕੇਰੇਂ ਗੁਲਾਮ ਜੇ ਕਰ,
ਸਾਨੂੰ ਕਸਮ ਹੈ ਜੇ ਨ ਅਜ਼ਾਦ ਕਰੀਏ।

---o---

## ( ਕਾਰ ਧਰਮੀਆਂ ਦੀ ਯਾਰ ਧਰਮ ਕਰਨਾ )

ਵੀਰਾਂ ਤੁਧ ਨੂੰ ਸਿਖੀ ਤੇ ਮਾਨ ਜੇ ਕਰ,
ਕੀਤਾ ਸੁਧਾ ਦੇ ਮੱਸ ਦਾ ਪਾਨ ਜੇਕਰ।
ਜਿੰਦੜੀ ਧਰਮਲਈ ਦੇਵਣ ਦਾਨ ਜੇਕਰ,
ਪਯਾਰੀ ਲਗਦੀ ਦਿਲੋਂ ਕ੍ਰਿਪਾਨ ਜੇਕਰ।
ਅੰਦਰ ਤੁਧ ਦੇ ਅਣਖ ਤੇ ਆਨ ਜੇਕਰ,
ਦਖੀ ਹਿੰਦ ਦਾ ਰਖਣੀ ਸ਼ਾਂਨ ਜੇਕਰ।
ਪਿਛਲੀ ਯਾਦ ਸ਼ਹੀਦਾਂ ਦੀ ਬਾਨ ਜੇਕਰ,
ਸਦਾ ਵਾਹਤ ਧਰਨਾ ਨਸ਼ਾਨ ਜੇਕਰ।

---o---

ਜਾਣ ਸੂਲੀਆਂ ਗਾਜਰਾਂ ਮੂਲੀਆਂ ਨੂੰ,
ਹਸ ਰਸ ਕੇ ਉਨਾਂ ਤੇ ਲੇਟਦਾ ਜਾ।
ਜ਼ੁਲਮ ਸਹੀਂ ਜਾ ਕਹੀਂ ਜਾ ਇਹੀ ਭਾਣਾ,
ਸਫਾ ਜ਼ਿਤਮ ਗਰਦੀ ਨੂੰ ਲਪੇਟਦਾ ਜਾ।
ਕਾਰ ਧਰਮੀਆਂ ਦੀ ਯਾਰ ਧਰਮ ਕਰਨਾ,
ਮਰਨਾ ਸਚ ਖਾਤਰ ਸਿਰ ਤੇ ਕਸ਼ਟ ਜਰਨਾ।
ਬਲੀ ਜਾਨ ਦੇ ਬਖ਼ਸ਼ੀ ਮੈਂ ਤਨ ਦੇਕੇ,
ਜ਼ੁਲਮ ਪਾਪ ਅਨਿਆਉ ਨੂੰ ਨਸ਼ਟ ਕਰਨਾ।

—o—

## ( ਦਿਲਾ ਖੂਨ ਦੇ ਅਥਰੂ ਕੇਰਦਾ ਜਾ )

ਹਾਲਤ ਕੌਮ ਦੀ ਸਖਤ ਲਾਚਾਰ ਸੁਣਕੇ,
ਮਚੀ ਜੇਹਲ ਅੰਦਰ ਹਾਹਾ ਕਾਰ ਸੁਣਕੇ।
ਪੈਂਦੀ ਧਰਮੀਆਂ ਨੂੰ ਭਾਰੀ ਮਾਰ ਸੁਣਕੇ,
ਦਿਲਾ ਖੂਨ ਦੇ ਅਥਰੂ ਕੇਰਦਾ ਜਾ।
ਭਾਰਤ ਮਾਤਾ ਅਤਯੰਤ ਦੁਖਯਾਰ ਸੁਣਕੇ,
ਹੋਂਦੇ ਜਬਰ ਅਤੇ ਅਤਿਆਚਾਰ ਸੁਣਕੇ।
ਦੁਖੀ ਆਹ ਮਜ਼ਲੂਮਾਂ ਦੀ ਜ਼ਾਰ ਸੁਣਕੇ,
ਸਾਰੇ ਦੇਸ ਢੰਡੋਰੜਾ ਫੇਰਦਾ ਜਾ।
ਲਛਮਣ ਸਿੰਘ ਦਾ ਸਬਕ ਪੜਾਂਵਦਾ ਜਾ,
ਗੀਤ ਬੀਰ ਦਲੀਪ ਦੇ ਗਾਂਵਦਾ ਜਾ।
ਸ਼ਾਂਤਮਈ ਦਾ ਪ੍ਰਣ ਕਰਾਂਵਦਾ ਜਾ,
ਸਬਰ ਕਰਨ ਦੇ ਲਈ ਪ੍ਰੇਰਦਾ ਜਾ।

—o—

ਦੇਸ ਕੌਮ ਖਾਤਰ ਆਪਣੀ ਸ਼ਾਨ ਖਾਤਰ,
ਅਪਣੀ ਆਨ ਖਾਤਰ ਹਿੰਦੁਸਤਾਨ ਖਾਤਰ
ਕੁਰਬਾਨੀਆਂ ਦੇ ਬੂਟੇ ਲਾਂਵਦਾ ਜਾ,
ਹਥੀਂ ਆਪਣੀ ਬੀਜ ਬਖੇਰਦਾ ਜਾ।
ਕਸ਼ਟ ਸੀਸ ਦੇ ਉਤੇ ਸਹਾਰਦਾ ਜਾ,
ਗਾਫਲ ਸੁਤਿਆਂ ਤਾਂਈ ਬੇਦਾਰਦਾ ਜਾ।
'ਤੀਰ' ਆਹ ਦੀ ਭਾਹ ਦੇ ਮਾਰਦਾ ਜਾ,
ਪੌਦੇ ਜੁਲਮ ਦੇ ਜੜੋਂ ਉਖੇੜਦਾ ਜਾ।

—o—

## (ਕਾਲਾ ਮੂੰਹ ਹੋਸੀ ਅੰਤ ਝੂਠਿਆਂ ਦਾ)

ਅੜਿਆ ਦਸ ਤੈਨੂੰ ਕਿਧਰੋਂ ਮਾਰ ਵਗੀ,
ਖਬਰੇ ਨਸ਼ਾ ਚੜ੍ਹਿਆ ਈ ਚੰਦ੍ਰੇ ਠੂਠਿਆਂ ਦਾ।
ਮਾਰੇ ਮਾਰਕੇ ਕਰੇਂ ਬੇਹੋਸ਼ ਧਰਮੀ,
ਏਡੇ ਪੇਚ ਫਿਰ ਲਾਉਣਾ ਅੰਗੂਠਿਆਂ ਦਾ।
ਮਾਰੇ 'ਤੀਰ' ਬੇਦੋਸ਼ ਮਜ਼ਲੂਮ ਤਾਈਂ,
ਕਰੇ ਮੰਗ ਚਗਲਾਂ ਕਰਮਾ ਲੂਠਿਆਂ ਦਾ।
ਸਦਾ ਸਚ ਦੀ ਜ਼ਾਬਰਾ ਜੈ ਹੋਂਦੀ,
ਕਾਲਾ ਮੂੰਹ ਹੋਸੀ ਅੰਤ ਝੂਠਿਆਂ ਦਾ।
ਐਵੇਂ ਦੁਖੀ ਦੁਖਿਆਰ ਨੂੰ ਦੁਖੀ ਨ ਕਰ,
ਦੁਖੀ ਆਹ ਨਾਲ ਭੁਰਸੀ ਤਬਾਹ ਹੋਸੇਂ।
ਸਬਰ ਭਾਹ ਆ ਜਦੋਂ ਪ੍ਰਚੰਡ ਹੋਈ,
ਸੜ ਸੈਂ ਜ਼ਾਲਮਾ ਸੜਕੇ ਸੁਆਹ ਹੋਸੇਂ।

—o—

# ਮਰਦੇ ਚਲਾਂਗੇ ਮੁਲਕ ਦੀ ਆਨ ਬਦਲੇ

ਜਦ ਤਕ ਧੜਾਂ ਤੇ ਸੀਸ ਤੇ ਸਾਸ ਕਾਇਮ,
ਕਾਇਮ ਜਦੋਂ ਤਕ ਜਿਸਮ ਵਿਚ ਜਾਨ ਜਾਬਰ।
ਕਸਮ ਰਬ ਦੀ ਬਚਨ ਤੋਂ ਟਲਾਂ ਗੇ ਨਹੀਂ,
ਮਰਦੇ ਚਲਾਂਗ ਮੁਲਕ ਦੀ ਆਨ ਬਦਲੇ।
ਪਿਆਰੀ ਲਗਦੀ ਕੌਮ ਦੀ ਲਾਜ ਸਾਨੂੰ,
ਹੋਰ ਲੋੜ ਨ ਤਖਤ ਤੇ ਤਾਜ ਦੀ ਏ।
ਵਿੰਗਾ ਪੰਥ ਦਾ ਵਾਲ ਨ ਹੋਣ ਦੇਣਾ,
ਬਲੀਆਂ ਦਿਆਂਗੇ ਰਤੀ ਨੁਕਸਾਨ ਬਦਲੇ।
ਤਾਰੂ ਸਿੰਘ ਦਾ ਸਬਕ ਚਿਤਾਰ ਕੇ ਤੇ,
ਮਨੀ ਸਿੰਘ ਵਲੇ ਝਾਤੀ ਮਾਰ ਕੇ ਤੇ।
ਲਛਮਣ ਸਿੰਘ ਵਾਂਗੂ ਸਬਰ ਧਾਰਕੇ ਤੇ,
ਸ਼ਾਂਤਮਈ ਰਹਿਣਾ ਅਪਣੀ ਸ਼ਾਨ ਬਦਲੇ।
ਹਿੰਦੁਸਤਾਨ ਸਾਡਾ ਗੁਲਸਤਾਨ ਸਾਡਾ,
ਹਾਏ ਜ਼ਾਬਰਾ ਚਾਹੇਂ ਉਜਾੜਨਾ ਤੂੰ।
ਪਾਣੀ ਖੂਨ ਦਾ ਡੋਲਣਾ ਅਸਾਂ ਉਥੇ,
ਸੁਕੇ ਬਾਗ ਨੂੰ ਫੇਰ ਮਹਿਕਾਨ ਬਦਲੇ।
ਇਹ ਤਾਂ ਕਾਤੀਆਂ ਜਿਗਰ ਵਿਚ ਮਾਰੀਆਂ ਨੀ,
ਕਦੇ ਗੋਲੀਆਂ ਦੇ ਕਰੇ ਵਾਰ ਅੜਿਆ।
ਬਲਦੇ ਰਹਾਂਗੇ 'ਤੀਰ' ਸਭ ਛਾਤੀਆਂ ਤੇ,
ਸੂਲੀ ਮਿਲੇ ਜੇ ਸੇਵਾ ਕਮਾਨ ਬਦਲੇ।

—o—

## "ਤੇਰੇ ਰੰਗ ਸਾਈਆਂ"

ਤੇਰੀਆਂ ਕੁਦਰਤਾਂ ਉਤੋਂ ਕੁਰਬਾਨ ਵੈਦਾਂ,
ਤੇਰੇ ਅਜਬ ਸੁਹਾਵਣੇ ਰੰਗ ਸਾਈਆਂ।
ਕਿਧਰੇ ਮਹਿਫਲਾ ਤੇ ਰੰਗ ਰਾਗ ਹੋਂਦੇ,
ਕਿਧਰੇ ਕਲਾ ਕਲੇਸਦਾ ਜੰਗ ਸਾਈਆਂ
ਕਿਧਰੇ ਖੁਸੀ ਦੇ ਵਜਦੇ ਢੋਲ ਵਾਜੇ,
ਹੋਂਦੇਜ਼ੁਲਮ ਕਿਧਰੇ ਭੁਜਦੀਭੰਗਸਾਈਆਂ।
ਕਿਧਰੇ ਹਸਦੇ ਵਸਦੇ ਰੋਣ ਕਿਧਰੇ,
ਵੇਖ ਹੋਵੀਏ ਕੁਦਰਤਾਂ ਦੰਗ ਸਾਈਆਂ।
ਕਿਧਰੇ ਗਮਾ ਦੇ ਮੀਂਹ ਪਏ ਵਰਸਦੇ ਨ,
ਕਿਧਰੇ ਆਹ ਤੇ ਹੋਂਦੇ ਵਿਵਾਹ ਕਿਧਰੇ।
ਕਿਧਰੇ ਕੈਦ ਮਜ਼ਲੂਮ ਨੇ ਕਫਸ ਅੰਦਰ,
ਕਰਨ ਜਾਰੀਆਂ ਤੇ ਅਹੋ ਧਾਹ ਕਿਧਰੇ।

---o---

## ਧਰਮ ਲਈ ਧਰ ਤਲੀ ਤੇ ਜਾਨ ਬੈਠੇ

ਦਿਲਾ ਵੇਖ ਅਜ ਕੌਮ ਦੇ ਲਾਲ ਸਾਰੇ,
ਸੜਕੇ ਜੇਹਲ ਅੰਦਰ ਬੰਦੀਵਾਨ ਬੈਠੇ।
ਕੋਹਲੂ ਗੇੜਦੇ ਚਕੀਆਂ ਫਰਦੇ ਨੀ,
ਮੁੰਦਾ ਕੁਟਦੇ ਵਟਦੇ ਵਾਣ ਬੈਠੇ।
ਸਿਰੋਂ ਧੜੋਂ ਨੰਗੇ ਪੁਠੇ ਜਾਣ ਟੰਗੇ,
ਵਜਣ ਬੈਂਤ ਚੰਗੇ ਡਾਢੇ ਖਾਣ ਬੈਠੇ।
ਸਹਿਣੇ ਕਸ਼ਟ ਤੇ ਮਰਨ ਕਬੂਲ ਕੀਤਾ,
ਧਰਮ ਲਈ ਧਰ ਤਲੀ ਤੇ ਜਾਨ ਬੈਠੇ।

ਜਾਬਰ ਮਾਰਦੇ ਮਾਰ ਲਾਚਾਰ ਕਰਦੇ,
ਕੜੀਆਂ ਬੇੜੀਆਂ ਲਾ ਬੇਹਾਲ ਕਰਦੇ।
ਹਸ ਹਸ ਕਸ਼ਟ ਝਲਦੇ ਟਲਦੇ ਬਚਨ ਤੋਂ ਨ,
ਭੁੱਖ ਨੰਗ ਦਾ ਨਹੀ ਖਿਆਲ ਕਰਦੇ।
ਭਾਵੇਂ ਪੈਂਣ ਸੋਟੇ ਕਟੇ ਜਾਣ ਟੋਟੇ,
ਨਾਹਰਾ ਫਿਰ ਵੀ ਅਜ਼ਾਦੀ ਦਾ ਲਾਣ ਬੈਠੇ।
ਪੁਟਨ ਕੇਸ ਜਾਬਰ ਦੇਵਣ ਕਸ਼ਟ ਭਾਵੇ,
ਕਦੀ ਤਾਹਨਿਆਂ ਦੇ ਖਾਵਣ ਬਾਣ ਬੈਠੇ।
ਕਦੀ ਦੁਖ ਭਾਵੇ ਕਦੀ ਭੁਖ ਕਰੜੀ,
ਸਾਹੰਦੇ ਸੀਸ ਤੇ ਸਾਈਂ ਧਿਆਣ ਬੈਠੇ।
ਪਿਆਰੇ ਕੌਮ ਦੇ ਨਾਮ ਤੋਂ ਹੋਣ ਸਦਕੇ,
ਅੰਦਰ ਜਿਹਲ ਸ਼ਹੀਦੀਆਂ ਠਾਨ ਬੈਠੇ।
ਨਿਕਲਨ ਪ੍ਰਾਨ ਜਦੋਂ ਹਸਦੇ ਮੰਨ ਭਾਣਾ,
ਹੋਂਦੇ ਖੁਸ਼ੀ ਤੇ ਸ਼ੁਕਰ ਅਕਾਲ ਕਰਦੇ।
'ਤੀਰ' ਆਹ ਦੇ ਮਾਰ ਦੇ ਅੰਤ ਵੇਲੇ,
ਰੌਸ਼ਨ ਸਿਦਕ ਦਾ ਨਵੀ ਮਿਸਾਲ ਕਰਦੇ।

—o—

## "ਦੇਸ਼ ਕੌਮ ਖਾਤਰ ਗਲੇ ਪਾ ਖਫਨੀ"

ਦਿਲਾ ਜਾਗ ਹੁਸ਼ਯਾਰ ਬਦਾਰ ਹੋਜਾ,
ਵੇਲਾ ਗਫਲਤਾਂ ਦ [illegible] ਲੰਘ ਆਇਆ।
ਗਾਜ਼ੀ ਖਾਨ ਮੁਲਤਾਨ ਜਿਹਾਨ ਅੰਦਰ,
ਜ਼ੁਲਮ ਅਗ ਵਰ੍ਹਦਾ ਬਲਦੀ ਭੰਗ ਆਇਆ।
ਪੈਂਰੀ ਬੇੜੀਆਂ ਤੇ ਹਥੀਂ ਹਥਕੜੀਆਂ,

ਕਰਦੇ ਧਰਮੀਆਂ ਨੂੰ ਡਾਢਾ ਤੰਗ ਅੜਿਆ ।
ਨਾਹਰਾ ਜਿਹੜਾ ਅਕਾਲ ਦਾ ਲਾਂਵਦਾ ਏ,
ਮਾਰਨ ਬੈਂਤ ਉਸ ਨੂੰ ਪੁਠਾ ਟੰਗ ਅੜਿਆ ।
ਜਾਬਰ ਜਬਰ ਤੇ ਜ਼ੁਲਮ ਤੋਂ ਟਲਦੇ ਨ,
ਤੂੰ ਬੀ ਧਰਮ ਤੋਂ ਮੂਲ ਨ ਸੰਗ ਅੜਿਆ ।
ਦੇਸ਼ ਕੌਮ ਖਾਤਰ ਗਲੇ ਪਾ ਖਫਨੀ,
ਚੋਲਾ ਸਬਰ ਸੰਤੋਖ ਦਾ ਰੰਗ ਅੜਿਆ ।
ਐਸ਼ ਇਸ਼ਰਤਾਂ ਵਿਸ਼ੇ ਵਿਕਾਰ ਛਡਕੇ,
ਕਰ ਲੈ ਦੇਸ਼ ਸੇਵਾ ਬਣ ਨਿਹੰਗ ਅੜਿਆ ।
ਤਾਰੂ ਸਿੰਘ ਦੇ ਵਾਂਗ ਸ਼ਹੀਦ ਹੋਜਾ,
ਮਨੀ ਸਿੰਘ ਵਾਂਗ ਕਟਵਾ ਅੰਗ ਅੰਗ ਅੜਿਆ ।
ਲਛਮਣ ਸਿੰਘ ਤੇ ਦਲੀਪ ਸਿੰਘ ਤੋਂ ਸਿਖ ਸਿਖਜਾ,
ਸਿਰਤੇ ਆ ਗਿਆ ਸ਼ਾਤ ਮਈ ਜੰਗ ਅੜਿਆ ।
ਕਰਮ ਸਿੰਘ ਪ੍ਰਤਾਪ ਤੋਂ ਸਬਕ ਲੈਕ,
ਪਟੜੀ ਰੇਲ ਦੀ ਜਾਣ ਪਲੰਘ ਅੜਿਆ ।
ਹਰੀ ਹਰੀ ਕਰਤਾਰ ਕਰਤਾਰ ਕਹਿਕੇ,
ਹੇਠ ਇੰਜਨਾਂ ਲੇਟ ਨਿਸ਼ੰਗ ਅੜਿਆ ।
ਚਲੀ ਸ਼ਮਾਂ ਸੁਧਾਰ ਦੀ ਦੇਸ਼ ਅੰਦਰ,
ਤੂੰਬੀ ਸੜੀ ਜਾ ਵਾਂਗ ਪਤੰਗ ਅੜਿਆ ।
ਧਨ ਧਾਮ ਸੰਤਾਨ ਸਭ ਵਾਰਦਾ ਜਾ,
ਛਡਕੇ ਐਸ਼ ਆਰਾਮ ਨੂੰ ਟੰਗ ਅੜਿਆ ।
ਜਾਨਾ ਵੇਚ ਕੇ ਹਥ ਸ਼ਹੀਦਆਂ ਦਾ,
ਮੂੰਹੋਂ ਦਾਨ ਅਜ਼ਾਦੀ ਫਿਰ ਮੰਗ ਅੜਿਆ ।

—o—

## "ਪੰਜੇ ਸਾਹਿਬ ਦੇ ਸ਼ਹੀਦਾਂ ਦੀਆਂ ਰੂਹਾਂ"

ਰਾਗ ਰੰਗ ਭੁਲੇ ਸਾਕ ਅੰਗ ਭੁਲੇ,
ਸੁਣਕੇ ਵੀਰ ਭੁਖੇ ਦੁਖੇ ਨੈਨ ਡੁਲ੍ਹੇ।
ਲਗੀ ਦਿਲ ਅੰਦਰ ਇਹੋ ਚਾਹ ਡਾਢੀ,
ਚਲੋ ਵੇਖੀਏ ਸਾਡੀ ਦੇ ਬੰਦਿਆਂ ਨੂੰ।
ਜਾਵੇ ਜਾਨ ਕਿਉਂ ਨ ਨਿਕਲਨ ਪ੍ਰਾਨ ਕਿਉਂ ਨਾ,
ਕਰਨਾ ਦੀਦ ਅਜ਼ਾਦੀ ਦੇ ਪੰਛੀਆਂ ਦਾ।
ਹਥੀਂ ਆਪਣੇ ਚਲਕੇ ਚੋਗ ਪਾਣਾ,
ਭੁਖ ਤ੍ਰੇਹ ਦੇ ਨਾਲ ਤੜਫੰਦਿਆਂ ਨੂੰ।
ਮਨਾ ਲਾਭ ਕੀ ਏ ਤੇਰੇ ਜੀਵਣੇ ਦਾ,
ਐਸ਼ ਇਸ਼ਰਤਾਂ ਖਾਵਣੇ ਪੀਵਣੇ ਦਾ।
ਅੰਦਰ ਤੁਧ ਦੇ ਨਹੀ ਜੇ ਦਰਦ ਮਾਸਾ,
ਧ੍ਰਿਗ ਕਾਰ ਹੈ ਤੇਰਿਆਂ ਧੰਦਿਆਂ ਨੂੰ।
ਖਲੇ ਵਿਚ ਉਡੀਕ ਦੇ ਪਟੜੀ ਤੇ,
ਆਵੇ ਇੰਜਣਾਂ ਦੇਰ ਨਾ ਲਾ ਛੇਤੀ।
ਬਾਟਾ ਦੇਹ ਸ਼ਹਾਦਤ ਦਾ ਪੀ ਲਈਏ,
ਭਾਗਾਂ ਨਾਲ ਮਿਲਿਆ ਹੈ ਤਰਸੰਦਿਆਂ ਨੂੰ।
ਸਾਡੇ ਵੀਰ ਜ਼ੰਜੀਰਾਂ ਦੇ ਵਿਚ ਜਕੜੇ,
ਆਪਣੀ ਆਨ ਖਾਤਰ ਕਰਦੇ ਕਾਰ ਪਕੜੇ।
ਭੈ ਉਨ੍ਹਾਂ ਨੂੰ ਨਹੀ ਜਿਹਲ ਫਾਸੀਆਂ ਦਾ,
ਸਾਨੂੰ ਭੈ ਕੀ ਭਲਾ ਕੁਰਲੰਦਿਆਂ ਨੂੰ।
ਵਾਹ ਵਾਹ ਖੂਨੀਆ ? ਸਾਡਿਆ ਝਬਦੇ ਆ,
ਸਾਨੂੰ ਭੇਟ ਆਜ਼ਾਦੀ ਦੀ ਚਾੜ੍ਹਦਾ ਜਾ।

ਆਪਣਾਂ ਜਬਰ ਸਾਡਾ ਸਬਰ ਹਾੜਦਾ ਜਾ,
ਵੇਲਾ ਬੀਤਦਾ ਸਿਕ ਸਿਕੰਦਿਆਂ ਨੂੰ।
ਤੁਸਾਂ ਜੇਹਲ ਮਲੀ ਅਸਾਂ ਰੇਲ ਮਲੀ,
ਆਪਣੀ ਕੌਮ ਖ਼ਾਤਰ ਧਰਿਆ ਸੀਸ ਤਲੀ।
ਇਹ ਸੁਨੇਹੜਾ ਅਸਾਂ ਦਾ ਜਾ ਦੇਵੀਂ,
ਖ਼ੂਨੀ ਇੰਜਨਾ ਜਿਹਲ ਵਸੰਦਿਆਂ ਨੂੰ।
ਹਾਂ! ਹੁਣ ਜਾਬਰਾ ਆਪਣਾ ਤਾਣ ਲਾਕੇ,
ਸਾਨੂੰ ਪੈਰਾਂ ਦੇ ਹੇਠ ਲਤਾੜ ਦਾ ਜਾ।
ਅਖੀ ਆਪਣੀਂ ਅਸੀ ਵੀ ਵੇਖ ਲਈਏ,
ਨਾਲੇ ਅੰਨ ਦੇਈਏ ਭੁਖੇ ਬੰਦਿਆਂ ਨੂੰ।
ਜੇਕਰ ਸਿਦਕ ਸਾਡਾ ਸਚੇ ਰਬ ਉਤੇ,
ਵੀਰਾਂ ਤਾਈਂ ਛਕਾਵਣਾ ਅਨ ਪਾਣੀ।
ਜਾਨ ਵਾਰਕੇ ਲੈਣਾ ਖਲ੍ਹਾਰ ਤੈਨੂੰ,
ਲੋਕੀ ਵਖ ਸਨ ਅਜ ਕਟੰਦਿਆਂ ਨੂੰ।
ਗਾਨਾ ਬੰਨ ਸ਼ਹੀਦੀ ਦਾ ਰਾਹ ਫੜਿਆ,
ਅਖਾਂ ਲਾਲ ਹੋਈਆਂ ਬੀਰ ਰਸ ਚੜ੍ਹਿਆ।
ਧਰਮ ਮੁਲਕ ਤੋਂ ਵਾਰਨੀ ਜਿੰਦ ਅੜਿਆ,
ਬੁਰਾ ਸਮਝਦੇ ਹਾ ਹਟ ਕੰਦਿਆਂ ਨੂੰ।

—o—

## "ਸਾਡੇ ਬੰਦੀਵਾਨ ਲੀਡਰ ਤੇ ਅਸੀ"

ਆਵੇ ਯਾਦ ਜਦੋਂ ਹਾਵੇ ਲੈਂਦਿਆਂ ਨੂੰ,
ਤਾਬੀ ਲਗੇ ਕਾਤੀ ਛਾਤੀ ਚੀਰ ਨਿਕਲੇ

ਆਵੇ ਚੈਨ ਨਾਹੀ ਨੈਨ ਰੋਂਦਿਆਂ ਨੂੰ,
ਸੜੇ ਜਿਗਰ ਧੂੰਆ ਬਣਕੇ ਨੀਰ ਨਿਕਲੇ ।
ਭਾਵੇ ਖਾਵਣਾ ਪੀਵਣਾ ਜੀਵਣਾ ਨ,
ਸੀਨਾ ਪਾੜਕੇ ਬ੍ਰਿਹੋਂ ਦਾ 'ਤੀਰ, ਨਿਕਲੇ।
ਬਲੇ ਭਾਹ ਭਾਵੇਂ ਨਿਕਲੇ ਆਹ ਜਿਗਰੋ,
ਕੈਦ ਕਫਸ ਅੰਦਰ ਨਾਹੀ ਵੀਰ ਨਿਕਲੇ ।
ਖੜਕ, ਅਮਰ, ਸ੍ਰਿ-ਦੂਲ, ਜਸਵੰਤ, ਹੀਰ,
'ਲਾਜ, ਦਾਸ, ਗਾਂਧੀ, ਬਾਬਾ, ਲਾਲ ਕਿਤਨੇ ।
ਜਬਰ ਜਾਬਰਾਂ ਦੇ ਸਹਿੰਦੇ ਛਾਤੀਆਂ ਤੇ,
ਦੁਖੀ ਕੌਮ ਸੰਦੇ ਨੌ ਨਿਹਾਲ ਕਿਤਨੇ ।
ਛਡੇ ਮਖਮਲਾਂ ਅਤਲਸਾਂ ਕੀਮਖਾਬਾਂ,
ਸੇਜਾਂ ਸੋਹਣੀਆਂ ਅਤੇ ਰੰਗ ਰਲੀਆਂ ਨੇ ।
ਦੇਸ ਕੌਮ ਤੋਂ ਹੋ ਕੁਰਬਾਨ ਬੈਠ,
ਕਾਲ ਕੋਠੀਆਂ ਜਿਹਲ ਵਿਚ ਮਲੀਆਂ ਨੇ ।
ਨਾਹਰਾ ਸ੍ਰੀ ਅਕਾਲ ਦਾ ਲਾਉਣ ਬਦਲੇ,
ਸਿਰ ਤੇ ਲਖ ਮੁਸੀਬਤਾਂ ਝਲੀਆਂ ਨੇ ।
ਧਰੀ ਧਰਮ ਲਈ ਤਲੀ ਤੇ ਜਿੰਦੜੀਏ,
ਦਿਤੀਆਂ ਸੁਖਾਂ ਤਾਈ ਤਿਲੰਜਲੀਆਂ ਨੇ ।
ਨੰਗੇ ਰਹਿੰਦਿਆਂ ਤੇ ਕਸ਼ਟ ਸਹਿੰਦਿਆਂ ਬੀ,
ਮਾਰਾਂ ਪੈਂਦਿਆਂ ਬਚਨ ਤੋਂ ਹਾਰਦੇ ਨਹੀਂ ।
ਸਬਰ ਵੇਖ ਅਨੋਖੜਾ ਧਾਰਿਆਂ ਨੇ,
ਮਾਰਾਂ ਖਾਂਦੇ ਤੇ ਅਗੋਂ ਮਾਰਦੇ ਨਹੀਂ ।
ਕੌਮ ਵਾਸਤੇ ਦੁਖ ਨੂੰ ਸੁਖ ਜਾਣਨ,
ਬੰਦੀ ਵਾਨ ਹੋਇ ਜਿਹਲ ਖਾਨਿਆਂ ਦੇ

ਹਤਕ ਹੋਂਵਦੀ ਤਦੋਂ ਬੇਸ਼ਾਂਤ ਰਹਿੰਦੇ,
'ਤੀਰ, ਖਾਂਵਦੇ ਮਿਹਣਿਆਂ ਤਾਹਨਿਆਂ ਦੇ।
ਬਲੀ ਸ਼ਮਾ ਅਜ਼ਾਦੀ ਦੀ ਵੇਖਣੇ ਲਈ,
ਆਪਾ ਵਾਰਦੇ ਵਾਂਗ ਪ੍ਰਵਾਨਿਆਂ ਦੇ।
ਪੁਟਨ ਦਾੜ੍ਹੀਆਂ ਤੇ ਦੇਵਣ ਦੁਖ ਜਾਬਰ,
ਝਲਨ ਹਸ ਕੇ ਵਾਂਗ ਮਸਤਾਨਿਆਂ ਦੇ।
ਕੌਮੀ ਆਨ ਬਦਲੇ ਅਪਣੀ ਸ਼ਾਨ ਬਦਲੇ,
ਹਿੰਦੁਸਤਾਨ ਬਦਲੇ ਤੇ ਕ੍ਰਿਪਾਨ ਬਦਲੇ।
ਚਕੀ ਵਾਹੁੰਦੇ ਕੋਹਲੂ ਭੁਆਂਵਦੇ ਪਏ,
ਦੇਸ ਧਰਮਦੀ ਸੇਵਾ ਕਮਾਨ ਬਦਲੇ।
ਪਾਸਾ ਫੇਰ ਖਾਂ ਗਾਫਲਾ ਸੇਵ ਖਾਤਰ,
ਵਾਗ ਆਪਣੀ ਮੋੜ ਖਾਂ ਦਿਲ ਅੜਿਆ।
ਕਮਰ ਕਸਕੇਂ ਛੇਤੀ ਤਿਆਰ ਹੋਜਾ,
ਕਾਰਜ ਏਸ ਵਿਚ ਕਰੀਂ ਨ ਢਿਲ ਅੜਿਆ।
ਝਬਦੇ ਬਾਹਰ ਕਢਾ ਚਾ ਭਾਈਆਂ ਨੂੰ,
ਆਪ ਚਲ ਜਾਂ ਉਨ੍ਹਾਂ ਨੂੰ ਮਿਲ ਅੜਿਆ।
ਬੰਦੀ ਵਾਨ ਰਹਿਕੇ ਜਰਬਰ ਤੀਰ ਸਹਿਕੇ,
ਚਲਕੇ ਚਟ ਅਲੂਣੀ ਸਿਲ ਅੜਿਆ।
ਸਾਈਂ ਮਿਹਰ ਕਰਸੀ ਤਰਸੀ ਹਿੰਦ ਬੇੜਾ,
ਬੇੜਾ ਜੁਲਮ ਦਾ ਆਖਰ ਤਬਾਹ ਹੋਸੀ।
ਜਲਦੀ ਆਹ ਮਜਲੂਮ ਦੀ ਜਦੋਂ ਨਿਕਲੀ,
ਜਾਬਰ ਸੜ ਮਰਸੀ ਤੇ ਸਵਾਹ ਹੋਸੀ।

—o—

## "ਬੀਰ ਸਿਲਾ ਅਲੂਣੀਆਂ ਚਟਦੇ ਪਏ"

ਦਿਲਾ ਉਠ ਅੜਿਆ ਸੁਣੀ ਕੰਨ ਧਰਕੇ,
ਭਰੇ ਦਰਦ ਸੁਨੇਹੜੇ ਆਵਦੇ ਪਏ।
ਲੰਬੇ ਆਹਾਂ ਦੇ ਨਿਕਲਦੇ ਜੇਹਲ ਅੰਦਰੋਂ,
ਭਾਂਬੜ ਦੂਰਤੋਂ ਵੇਖ ਦਰਸਾਵਦੇ ਪਏ।
ਸੋਹਣੇ ਕੌਮ ਦੇ ਲਾਲ ਜਿੰਦਾਨ ਅੰਦਰ,
ਰੋਜੇ ਰਖ ਕੇ ਈਦ ਮਨਾਂਵਦੇ ਪਏ।
ਕੋਹਲੂ ਗੇੜਦੇ ਤੇ ਘੋਟੇ ਫੇਰਦੇ ਪਏ,
ਮੁੰਦਾਂ ਕੁਟਦੇ ਚਕੀਆਂ ਵਾਹੁੰਦੇ ਪਏ।
ਕੋਈ ਇੰਜਣਾ ਹੇਠ ਕੁਚਲੀਵੰਦੇ ਪਏ,
ਕੋਈ ਆਪਣਾ ਆਪ ਕੁਹਾਂਵਦੇ ਪਏ।
ਸਦਕੇ ਕੌਮ ਦੇ ਨਾਮ ਤੋਂ ਹੋਂਵਦੇ ਪਏ,
ਅੰਦਰ ਜਿਹਲ ਸ਼ਹੀਦੀਆਂ ਚਾਂਹਵਦੇ ਪਏ।
ਜਾਬਰ ਜਬਰ ਦੇ 'ਤੀਰ' ਚਲਾਂਵਦੇ ਪਏ,
ਸਾਬਰ ਸਬਰ ਕਰਕੇ ਸੀਨੇ ਡਾਂਹਵਦੇ ਪਏ।
ਕਿਤਨੇ ਨੰਗਿਆਂ ਵਕਤ ਬਿਤਾਂਵਦੇ ਪਏ,
ਫਟੜ ਹੋਂਵਦੇ ਤੇ ਮਾਰਾਂ ਖਾਂਵਦੇ ਪਏ।
ਕਫਸ ਵਿਚ ਕੀਤੇ ਬੰਦੀਵਾਨ ਭਾਵੇਂ,
ਤਾਂ ਬੀ ਨਾਹਰਾ ਅਜ਼ਾਦੀ ਦਾ ਲਾਂਵਦੇ ਪਏ।
ਬੀਰ ਸਿਲਾਂ ਅਲੂਣੀਆਂ ਚਟਦੇ ਪਏ,
ਸਿਖੀ ਸਿਦਕ ਨੂੰ ਤੋੜ ਨਿਭਾਵਦੇ ਪਏ।
ਹਾਲਤ ਵੇਖ ਨਾਜ਼ਕ ਬੀਰਾਂ ਧਰਮੀਆਂ ਦੀ,
ਬੂਟੇ ਬ੍ਰਿਛ ਬੀ ਨੀਰ ਵਹਾਂਵਦੇ ਪਏ।

ਅਤਯਾਚਾਰ ਹੋਂਦੇ ਵੇਖ ਆਜਜਾਂ ਤੇ,
ਗੈਰਤ ਮੰਦ ਸਭੇ ਸ਼ਰਮ ਖਾਂਵਦੇ ਪਏ।
ਸਾਬਰ ਸਬਰ ਕਰਕੇ ਕਸ਼ਟ ਝਲਦੇ ਪਏ,
ਜਾਬਰ ਜਬਰ ਤੋਂ ਨਹੀਂ ਸ਼ਰਮਾਂਵਦੇ ਪਏ।
ਦਰਦਾਂ ਵਾਲਿਆਂ ਦੇ ਦਰਦ ਵਧਦੇ ਪਏ,
ਜਿਗਰ ਧਰਮੀਆਂ ਦੇ ਵਿੰਨ੍ਹੇ ਜਾਂਵਦੇ ਪਏ।
ਨਜਰ ਬੰਦ ਹੋਏ ਦਰਦ ਵੰਦ ਹੋਏ,
ਬਚਨ ਪਾਲਦੇ ਸ਼ਾਨ ਵਧਾਂਵਦੇ ਪਏ।
ਬੀਜ ਬੀਜਦੇ ਬੀਰਤਾ ਸ਼ਾਂਤੀ ਦਾ,
ਖੂਨ ਸਿੰਜ ਕੇ ਚਮਨ ਮਹਿਕਾਂਵਦੇ ਪਏ।
ਤੂੰਬੀ ਕੌਮ ਦੇ ਨਾਮ ਤੋਂ ਸਦਕੜੇ ਹੋ,
ਭੇਟਾ ਵੰਨ ਸਵੰਨਿਆਂ ਚਾੜਦਾ ਜਾ।
ਦਿਲਾ ਦਰਦ ਰਖਕੇ ਸੀਨੇ 'ਤੀਰ' ਖਾਕੇ,
ਜੁਲਮ ਜਬਰ ਨੂੰ ਛੰਡਦਾ ਛਾੜਦਾ ਜਾ।

—o—

## (ਦੇਸ ਸੂਰਾਜ ਉਤੋਂ ਜਿੰਦੜੀ ਘੁਮਾ ਦਿਓ)

ਉਠੋ ਬੀਰ ਖਾਲਸਾ ਤਿਆਗ ਹੋਰ ਲਾਲ ਸਾਨੂੰ,
ਗਜ ਵਜ ਚੋਟ ਇਹ ਨਗਾਰੜੇ ਨੂੰ ਲਾਦਿਓ।
ਪ੍ਰੀਤਮ ਦੀ ਗਲੀ ਭਾਈ ਵੇਖਣੀ ਸੁਖਲੀ ਨਹੀਂ;
ਦੇਣ ਲਈ ਬਲੀ ਸੀਸ ਤਲੀ ਤੇ ਟਿਕਾ ਦਿਓ।
ਅੰਗ ਅੰਗ ਕਟੇ ਜਾਓ ਮਾਰੇ ਕੁਟੇ ਫਟੇ ਜਾਓ,
ਜਿਹਲਾਂ ਵਿਚ ਸਟੇ ਜਾਓ ਹਸ ਕੇ ਬਿਤਾ ਦਿਓ।

ਗੋਲੀਆਂ ਦੀ ਮਾਰ ਤੇ ਸਕੀਨਾਂ ਦੇ ਵਾਰ ਝਲ;
ਹਸ ਹਸ ਜਾਨਾ ਹੇਠ ਇੰਜਣਾ ਕਟਾ ਦਿਓ।
ਧਨ ਧਨ ਵਾਰੀ ਜਾਓ ਦੁਖੜੇ ਸਹਾਰੀ ਜਾਓ,
ਕੌਮੀ ਆਨ ਸ਼ਾਨ ਜਾਂਦੀ ਰਖਕੇ ਵਿਖਾ ਦਿਓ।
ਹਟਨਾ ਨ ਪਿਛੇ ਪੈਰ ਪਟਣਾ ਹੈ ਮੂਲ ਇਕ,
ਜਾਬਰਾਂ ਦੇ ਕੰਨੀ ਇਹ ਸੰਦੇਸੜਾ ਪੁਚਾ ਦਿਓ।
ਅਸਾਂ ਨੇ ਤਾਂ ਦੇਸ ਉਤੋਂ ਜਿੰਦੜ ਘੁਮਾਵਣਾ ਹੈ;
ਪਾਪੀਓ ਜਬਰ ਵਾਲੀਆਂ ਛੁਠਾਂ ਭਾਵੇਂ ਤਾ ਦਿਓ।
ਤੀਰਾਂ ਨਾਲ ਵਿੰਨ ਦਿਓ ਦੇਗਾਂ ਵਿਚ ਰਿਨ ਦਿਓ,
ਭਾਵੇਂ ਲੋਹਾਂ ਤਤੀਆਂ ਦੇ ਉਤ ਬਿਠਲਾ ਦਿਓ।
ਆਰਿਆਂ ਦੇ ਨਾਲ ਚੀਰ ਦੇਵੋ ਜੇ ਸਰੀਰ ਭਾਵੇਂ;
ਤਤੀ ਤਤੀ ਰੇਤ ਕਿਉਂ ਨਾ ਸਿਰਾਂ ਤੇ ਪੁਆ ਦਿਓ।
ਚਿਤ ਨ ਡੋਲਾਵਣਾ ਭਾਣਾ ਮੰਨਣਾ ਪ੍ਰੇਮ ਨਾਲ;
ਤਾਰੂ ਸਿੰਘ ਵਾਂਗ ਭਾਵੇਂ ਖੋਪਰੀ ਲੁਹਾ ਦਿਓ।
ਰਹਿਣਾ ਹੈ ਅਡੋਲ ਕਹੇ ਬੋਲ ਤੇ 'ਸਬੇਗ' ਵਾਂਗ,
ਵਾਂਗਣ ਸਬਾਜ ਕਿਉਂ ਨ ਚਰਖੜੀ ਚੜ੍ਹਾ ਦਿਓ।
ਦੁਖ ਤਕਲੀਫਾਂ ਸਭ ਹਸ ਹਸ ਸਹਿਣੀਆਂ ਨੇ;
ਡਰਾਂ ਗੇ ਨਾ ਭਾਵੇਂ ਤਤੇ ਥੰਮਾ ਨਾਲ ਲਾ ਦਿਓ।
ਨਾਹਰਾ ਅਕਾਲ ਤਿੰਨ ਕਾਲ ਹੀ ਗਜਾਵਣਾ ਹੈ,
ਬੇੜੀ ਹਥਕੜੀ ਲਾਵੋ ਸੂਲੀ ਤੇ ਟੰਗਾ ਦਿਓ।
ਭਾਰਤ ਗੁਲਾਮੀ ਦੇ ਜੰਜੀਰਾਂ ਵਿਚ ਬਧਾ ਪਿਆ,
ਏਸਨੂੰ ਛਡਾਣਾ ਹੈ ਪੁਕਾਰ ਕੇ ਸੁਨਾ ਦਿਓ।
ਚਿਰਾਂ ਤੋਂ ਹੀ ਦੀਵਾ ਕੁਰਬਾਨੀਆਂ ਦਾ ਬੁਝਿਆ ਸੀ,
ਵਾਂਗਣ ਦਲੀਪ ਜਾਨ ਵਾਰ ਕੇ ਜਗਾ ਦਿਓ।

ਚਿਤ ਧਾਰ ਧੀਰ 'ਤੀਰ' ਜਾਬਰਾਂ ਦੇ ਖਾਈ ਚਲੋ,
ਦੇਸ ਸ੍ਵਰਾਜ ਉਤੋਂ ਜਿੰਦੜੀ ਘੁਮਾ ਦਿਓ

--o--

## ਰਲਿਆ ਖੂਨ ਹਿੰਦੂ ਮੁਸਲਮਾਨ ਏਥੇ

ਦਿਲਾ ਵੇਖ ਕਰਤਾਰ ਦੇ ਰੰਗ ਅੜਿਆ,
ਧਰਤੀ ਅਜ ਜੋ ਖੂਬ ਸੋਹੰਵ ਦੀ ਪਈ
ਹਾਲਤ ਯਾਦ ਕਰਕੇ ਜ਼ਾਰੋ ਜ਼ਾਰ ਇਸ ਦੀ,
ਖਲਕਤ ਸਾਈਂ ਦੀ ਨੀਰ ਵਹਾਂਵਦੀ ਪਈ
ਦਰਦੀ ਦਿਲਾਂ ਤੋਂ ਨਿਕਲ ਦੀ ਆਹ ਡਾਢੀ,
ਦੁਨੀਆਂ ਯਾਦ ਕਰਕੇ ਗਸ਼ਾ ਖਾਂਵਦੀ ਪਈ।
ਹਾਏ ਲਿਖਣ ਲਗਿਆਂ ਤਵਾਰੀਖ ਇਸਦੀ,
ਕਲਮ ਰੋਂਵਦੀ ਵਾਸਤੇ ਪਾਂਵਦੀ ਪਈ।
ਚਾਉ ਜਿਨਾਂ ਨੂੰ ਸੀ ਸੇਵਦੇਸ ਦੀਦਾ,
ਓਹਨਾ ਧਰਮੀਆਂ ਦੇ ਲਥੇ ਘਾਨ ਏਥੇ।
ਗਲੇ ਪਾ ਗਲ ਵਕੜੀਆਂ ਚੜ੍ਹੇ ਬਲੀਆਂ,
ਰਲਿਆ ਖੂਨ ਹਿੰਦੂ ਮੁਸਲਮਾਨ ਏਥੇ।

--o--

ਹੋਇ ਬਕਰਿਆਂ ਵਾਂਗ ਹਲਾਲ ਹਾਏ,
ਅਨਖ ਆਨ ਵਾਲੇ ਧਰਮ ਬੀਰ ਕਿਤਨੇ।
ਪਿਤਾ ਬੱਚਿਆਂ ਦੇ, ਬਚੇ ਮਾਈਆਂ ਦੇ,
ਭੈਣਾ ਰੋਂਦੀਆਂ ਦੇ ਪਯਾਰੇ ਵੀਰ ਕਿਤਨੇ।
ਯਾਰ ਮਿਤਰਾਂ ਦੇ ਕੰਤ ਨਾਰੀਆਂ ਦੇ,
ਸੇਵਾ ਕਰਨ ਵਾਲੇ ਬੇ ਨਜ਼ੀਰ ਕਿਤਨੇ।

ਆਪਣੀ ਆਨ ਖਾਤਰ ਜਿੰਦਾਂ ਦਾਨ ਕਰ ਗਏ,
ਖਾਖਾ ਜਾਬਰਾਂ ਦੇ ਤਿਖੇ 'ਤੀਰ' ਕਿਤਨੇ।
ਕਠੇ ਹੋਕੇ ਗੋਲੀਆਂ ਖਾਧੀਆਂ ਨੇ,
ਅ ਏ ਵਿਛੜੇ ਵੀਰ ਮਿਲਾਨ ਏਥੇ।
ਬੀਜ ਏਕਤਾ ਦਾ ਹਥੀ ਬੀਜਓ ਨੇ,
ਰਲਿਆ ਖੂਨ ਹਿੰਦੂ ਮੁਸਲਮਾਨ ਏਥੇ।

—o—

ਮਦਨ ਮੋਹਨ ਵਰਗੇ ਲਾਲਾਂ ਸੂਰਿਆਂ ਦੇ,
ਖਾਤਰ ਕੌਮ ਦੀ ਜਿੰਦੀਆਂ ਬਲੀਆਂ ਨੇ।
ਅਗੇ ਜਾਬਰਾਂ ਦੇ ਸਬਰ ਸ਼ਾਂਤ ਰਹਿਕੇ,
ਤਾਂਣ ਛਾਤੀਆਂ ਗੋਲੀਆਂ ਝਲੀਆਂ ਨੇ।
ਜ਼ਰੇ ਜ਼ਰੇ ਤੋਂ ਟਪਕਦੇ ਹਾਏ ਹੰਝੂ,
ਨਾਲ ਖੂਨ ਦੇ ਰੰਗੀਆਂ ਗਲੀਆਂ ਨੇ।
ਹੋਈ ਜ਼ੁਲਮ ਬੇਦਾਦ ਦੀ ਹਦ ਏਥੇ,
ਭਰਨ ਹਾਮੀਆ ਗੁਲਸ਼ਨਾ ਕਲੀਆਂ ਨੇ।
ਬੂਟੇ ਬ੍ਰਿਛ ਪਏ ਅਜੇ ਫਰਿਆਦ ਕਰਦੇ,
ਧਾਈ ਮਾਰਦਾ ਪਿਆ ਮੈਦਾਨ ਏਥੇ।
ਵਰ੍ਹੇ 'ਤੀਰ' ਏਦੇਸਿਆਂ ਆਜ਼ਜਾਂ ਤੇ,
ਰਲਿਆ ਖੂਨ ਹਿੰਦੂ ਮੁਸਲਮਾਨ ਏਥੇ।

—o—

ਏਸ ਧਰਤ ਤੇ ਮਾਤਮੀ ਰੁਤ ਛਾਈ,
ਜੀਹਨੇ ਜਾਮਾ ਅੰਦਰ ਕਾਲੀ ਸਾਹ ਜਿਸਦੀ।
ਜੀਅ ਜੰਤ ਪੰਛੀ ਸ਼ੋਕ ਸ਼ੋਕ ਕਰਦੇ,
ਦੁਖੀਏ ਦਿਲਾਂ ਤੋਂ ਨਿਕਲਦੀ ਆਹ ਜਿਸਦੀ।

NATIONAL ARCHIVES LIBRARY GOVT. OF INDIA
40456
29/272

ਨੈਣੇ ਡੁਲਦਿਆ ਨੂੰ ਤਾ ਨਦੇਰ ਲਗਦੀ,
ਸੜਦੇ ਜਿਗਰ ਹਾਜੇ ਬਲਦੀ ਭਾਹ ਦਿਸਦੀ।
ਖਾਕ ਏਸ ਥਾਂ ਦੀ ਮਥੇ ਨਾ ਲਈਏ,
ਦਰਦਾਂ ਵਾਲਿਆਂ ਦੇ ਅੰਦਰ ਚਾਹ ਦਿਸਦੀ।
ਗੀਤ ਗਾਂਦਿਆਂ ਧਰਮੀਆਂ ਬੰਦਿਆਂ ਤੇ,
ਡਾਇਰ ਆਯਾ ਸੀ 'ਤੀਰ, ਚਲਾਨ ਏਥੇ।
ਗਾਨਾ ਸਾਈਂਦਾ ਮੰਨ ਸ਼ਹੀਦ ਹੋਇ,
ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ।

---o---

ਜਿਥੇ ਅਜ ਹੈ ਖਿੜੀ ਗੁਲਜਾਰ ਦਿਸਦੀ,
ਕਦੇ ਇਸ ਥਾਂ ਗੋਲੀਆਂ ਵਰ੍ਹਦੀਆਂ ਸਨ।
ਵਾਰ ਹੋਂਵਦੇ ਸੀ ਹਾਏ ਫੁਲ ਬੁਲਾਂ ਤੇ,
ਤੜਫ ਤੜਫ ਵੇਚਾਰੀਆਂ ਸੜਦੀਆਂ ਸਨ।
ਘਾਇਲ ਹੋਈਆਂ ਵਿਛੜੀਆਂ ਆਲ੍ਹਣੇ ਤੋਂ,
ਦੁਖੀ ਹੋ ਹੋ ਕਿ ਆਹਾਂ ਭਰਦੀਆਂ ਸਨ।
ਸਾਰੇ ਦੇਸ ਅੰਦਰ ਥੂ ਥਾਟ ਮਚਿਆ,
ਫਿਰੀਆਂ ਮੁਲਕ ਅੰਦਰ ਨਾਦਰ ਗਰਦੀਆਂ ਸਨ।
ਜੁਲਮ ਡਾਇਰ ਦਾ ਹਾਂ ਹਿੰਦਤਾਨੀਆਂ ਲਈ,
ਬਣ ਕੇ ਕਹਿਰ ਦਾ ਆਇਆ ਤੂਫਾਨ ਏਥੇ।
ਬੂਟਾ ਫੁਟ ਦਾ ਜਿਸਨੇ ਪੁਟਿਆਏ,
ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ।

---o---

# ( ਕਾਰ ਸੇਵਾ )

ਝੂਠੇ ਸਾਕ ਸੰਸਾਰ ਦੇ ਹੋਰ ਸਾਰੇ,
ਇਕੋ ਇਕ ਸਤਸੰਗ ਦਾ ਸਾਕ ਸਚਾ।
ਜਿਹੜੇ ਮੁਖ ਤੋਂ ਸਾਈਂ ਦਾ ਨਾਮ ਨਿਕਲੇ,
ਉਹੋ ਮੁਖੜਾ ਹੈ ਭਲਾ ਪਾਕ ਸਚਾ।
ਜਿਸਨੇ ਸਾਂਈਂ ਦੇ ਧਿਆਨ ਨੂੰ ਧਾਰਿਆਏ,
ਉਸਦਾ ਵਣਜ ਸਚਾ ਤੇ ਉਹ ਗਾਹਕ ਸਚਾ।
ਸੇਵਾ ਕਰੇ ਜਿਹੜਾ ਉਹ ਹੈ ਧੰਨ ਬੰਦਾ,
ਵਲੀ ਫਕਰਾਂ ਪੀਰਾਂ ਦਾ ਵਾਕ ਸਚਾ।
ਟਹਿਲੋਂ ਮਹਿਲ ਮਿਲਦਾ ਮਹਿਲੋਂ ਮਾਨ ਹੋਂਦਾ,
ਮਾਨੋਂ ਸ਼ਾਨ ਵਧਦੀ ਉਚੀ ਮਤ ਹੋਂਦੀ।
ਅਗੇ ਵਿਚ ਦਰਗਾਹ ਦੇ ਮਿਲੇ ਢੋਈ,
ਉਜਲ ਮੁਖ ਹੋਂਦਾ ਭਲੀ ਪਤ ਹੋਂਦੀ।
ਦਿਲਾ ਉਠ ਤੂੰ ਬੀ ਕਰਲੈ ਸਦ ਅੜਿਆ,
ਮੁੜਕੇ ਕਦੇ ਨ ਐਸਾ ਪਿਆਰ ਮਿਲਸੀ।
ਨ ਇਹ ਮਿਲੇ ਵੇਲਾ ਨ ਇਹ ਜਨਮ ਮਿਲਣਾਂ,
ਨ ਫਿਰ ਸਤਿਗੁਰੂ ਦੇ ਸਰ ਦੀ ਕਾਰ ਮਿਲਸੀ।
ਭਾਗਾਂ ਨਾਲ ਤਰਸੰਦਿਆਂ ਜੀਵਿਆਂ ਨੂੰ,
ਸੇਵਾ ਮਿਲੀ ਨ ਆਂਵਦੀ ਵਾਰ ਮਿਲਸੀ।
ਮੁਖੋਂ ਵਾਹਿਗੁਰੂ ਵਾਹਿਗੁਰੂ ਗਾਂਵਦਾ ਜਾ,
ਨਾਲ ਪ੍ਰੇਮ ਦੇ ਟੋਕਰੀ ਢੋਂਵਦਾ ਜਾ।
ਸੇਵਾ ਕਰਨ ਦਾ ਸਬਕ ਪੜਾਂਵਦਾ ਜਾ,
ਮੈਲ ਜਨਮ ਜਨਮਾਂਤ ਧੋਂਵਦਾ ਜਾ।

## "ਅਪਣੀ ਕੌਮ ਖਾਤਰ ਜਫਰ ਜਾਲਦਾ ਜਾ"

ਰਬਾ ਸਾਈਆਂ ਜੇ ਕਦੇ ਪਤਾ ਹੋਂਦਾ,
ਅਖੀਆਂ ਨਾਲ ਬੇਦਰਦ ਦੇ ਲਾਂਵਦੇ ਨਾ।
ਜਰਮਨ ਜੰਗ ਅੰਦਰ ਇਸਦੇ ਸੰਗ ਹੋਕੇ,
ਭਾੜੇ ਭੰਗ ਦੇ ਲਾਲ ਕੁਹਾਂਵਦੇ ਨ।
ਇਸਦੀ ਸ਼ਾਨ ਖਾਤਰ ਅਪਣੀ ਜਾਨ ਦੇ ਕੇ,
ਧਰਤੀ ਖੂਨ ਦੇ ਨਾਲ ਨੁਹਾਂਵਦੇ ਨ।
ਜੇਕਰ ਪਤਾ ਹੋਂਦਾ ਪਿਛੋਂ ਡੰਗਸੀਏ,
ਜਹਿਰ ਨਾਗ ਨੂੰ ਦੁਧ ਪਿਆਂਵਦੇ ਨ।
ਬਲਦੀ ਅਗ ਤੋਂ ਕਢਿਆ ਵਾਂਗ ਜਿੰਦਾਂ,
ਉਲਟਾ ਡੰਗ ਕਲੇਜੜੇ ਮਾਰਦਾ ਏ।
ਨਾਭੇ ਪਤੀ ਦੀ ਵੇਖ ਬੇ ਪਤੀ ਕਰਕੇ,
ਹਾਏ ਤਖਤ ਤੋਂ ਹੇਠ ਉਤਾਰਦਾ ਏ।

---o---

ਦਿਲਾ ਆਹ ਦੀ ਭਾਹ ਪ੍ਰਚੰਡ ਕਰਕੇ,
ਭਾਂਬੜ ਦਰਦ ਦੇ ਦਿਲਾਂ ਵਿਚ ਬਾਲਦਾ ਜਾ।
ਨੀਂਦਰ ਗਾਫਲੀਦੀ ਸੁਤੇ ਬੰਦਿਆਂ ਨੂੰ।
ਵਾਹ ਵਾਹ ਦਰਦੀਆ ਟੁੰਬ ਉਠਾਲਦਾ ਜਾ।
ਦਿਤਾ ਏਸ ਜਿਹੜਾ ਬਦਲਾ ਨੇਕੀਆਂ ਦਾ,
ਸਾਰੇ ਹਿੰਦੀਆਂ ਤਾਈਂ ਵੇਖਾਲਦਾ ਜਾ।
ਜਾ ਦੇਸ ਢੰਡੋਰੜਾ ਫੇਰਦਾ ਜਾ,
ਅਪਣੀ ਕੌਮ ਖਾਤਰ ਜਫਰ ਜਾਲਦਾ ਜਾ

'ਤੀਰ' ਲਾਨ੍ਹਤਾਂ ਦੇ ਐਸੇ ਯਾਰ ਤਾਂਈਂ,
ਮਾਰ ਕੱਸਕੇ ਸਬਰ ਕਮਾਨ ਵਿਚੋਂ ।
ਕੀ ਇਨਸਾਨ ਵਿਚੋਂ ਕੀ ਹੈਵਾਨ ਵਿਚੋਂ,
ਧ੍ਰਿਗ ਧ੍ਰਿਗ ਹੀ ਆਵੇ ਜਹਾਨ ਵਿਚੋਂ ।

—o—

ਅਗੋਂ ਵਾਸਤੇ ਇਹੋ ਜਹੇ ਚੰਦਰੇ ਦਾ,
ਦਿਲਾ ਭੁਲਕੇ ਕਦੇ ਇਤਬਾਰ ਨ ਕਰ ।
ਜਿੱਨੀ ਦੇਰ ਨਾਭਾ ਪਵੀ [illegible] ਨਾਹੀਂ,
ਉੱਨੀ ਦੇਰ ਤਕ ਸਬਰ ਕਰਾਰ ਨ ਕਰ ।
ਛਡ ਮਖਮਲਾਂ ਅਤਲਸਾਂ ਐਸ਼ ਇਸ਼ਰਤ,
ਚੋਲਾ ਮਾਤਮੀ ਪਹਿਨ ਬਾਹਰ ਨ ਕਰ ।
ਦੇਸ ਕੌਮ ਖਾਤਰ ਜੇਕਰ ਮਿਲੇ ਸੂਲੀ,
ਹਸ ਕੇ ਚੜ੍ਹਨ ਦੀ ਕਰ ਹੋਰ ਕਾਰ ਨ ਕਰ ।
ਸਦਾ ਨਹੀਂ ਜਹਾਨ ਤੇ ਬੈਠ ਰਹਿਣਾ,
ਪੜਦੇ ਸਬਰ ਤੇ ਜਬਰ ਦੇ ਖੋਹਲਦਾ ਜਾ ।
ਜਿਹਲ ਖੇਲ, ਫਾਂਸੀ ਬਾਜ਼ੀ ਮਾਣਦਾ ਜਾ,
ਜਿੰਦੜੀ ਕੌਮ ਦੇ ਨਾਮ ਤੋਂ ਘੋਲਦਾ ਜਾ ।

—o—

ਅੜਿਆ ਵੇਖਿਆਈ ਐਸੇ ਯਾਰ ਕੋਲੋਂ,
ਘਾਲਾਂ ਘਾਲੀਆਂ ਦਾ ਕੀ ਇਨਾਮ ਮਿਲਿਆ ।
ਸਾਂਗਾਂ ਸੋਟਿਆਂ ਗੋਲੀਆਂ ਕੋੜਿਆਂ ਦਾ,
ਬਦਲਾ ਖੂਬ ! ਸੋਹਣਾ ਸੁਭਾ ਸ਼ਾਮ ਮਿਲਿਆ ।
ਜਲ੍ਹਿਆਂ ਵਾਲੜੇ ਬਾਗ਼ਦੇ ਵਿਚ ਹਾਹਾ,
ਡਾਇਰ ਕਾਇਰ ਕੋਲੋਂ ਕਤਲ ਆਮ ਮਿਲਿਆ ।

'ਫੂਲ' ਬੰਸ ਦੇ ਚਮਨ ਤੋਂ 'ਫੂਲ' ਟੁਟਿਆ,
ਨਵਾਂ ਦੌਰ ਅਜ ਵੇਖ ਪੈਗ਼ਾਮ ਮਿਲਿਆ।
ਸੁਣਕੇ ਯਾਰ ਦਾ ਇਹ ਪੈਗ਼ਾਮ ਸੋਹਣਾ,
ਤੂੰ ਬੀ ਸੋ ਚੇ ਦੇ ਜਵਾਬ ਵੰਨਾ।
ਨਾਭਾ ਪਤੀ ਲਿਆਵਣਾਂ ਮੋੜ ਨਾਭੇ,
ਏਸੇ ਕਾਜ ਲਈ ਹੋ ਬੇਤਾਬ ਵੰਨਾ।

---o---

## ਜਾਬਰ ਸੜੇ ਤੇ ਸੜ ਕੇ ਸੁਆਹ ਹੋਵੇ!

ਦਿਲਾ ਜਿਨ੍ਹਾਂ ਲਈ ਅਟਬ ਅਰਾਕ ਅੰਦਰ,
ਕਾਕ ਕਟੀਆਂ ਮੁਸ਼ਕਲਾਂ ਭਾਰੀਆਂ ਨੇ।
ਖਾ ਖਾ ਠੇਡਰਾਂ ਜਿਨ੍ਹਾਂ ਦੀ ਸ਼ਾਨ ਬਦਲੇ,
ਰਾਤਾਂ ਭੁਖ ਦੇ ਦੁਖ ਗੁਜਾਰੀਆਂ ਨੇ।
ਮਿਲਿਆ ਉਨ੍ਹਾਂ ਤੋਂ ਕੀ ਇਨਾਮ ਤੈਨੂੰ,
ਦਿਤਾ ਕੀ ਹੈ ਗੋਰੀਆਂ ਯਾਰੀਆਂ ਨੇ।
ਕੌਤੇ ਛਪੜਾਂ ਦੇ ਵਾਰ ਸੋਟਿਆਂ ਦੇ,
ਬਜ ਬਜ ਘਾਟ ਤੇ ਗੋਲੀਆਂ ਮਾਰੀਆਂ ਨੇ।
ਵੇਖ ਦੌਰ ਹੁਣ ਜਬਰ ਕਮਾਲ ਕਰੇ,
ਬਣੇ ਯਾਰ ਜਿਹੜੇ ਸਤਰ ਸਾਲ ਦੇ ਨੀ।
ਨਾਭਾ ਰਾਜ ਸਾਡਾ ਸਿਰ ਦਾ ਤਾਜ ਸਾਡਾ,
ਉਸਨੂੰ ਕਈਓਂ ਹਾਏ ਉਠਾਲਦੇ ਨੀ।

---o---

ਜੇਕਰ ਅਜੇ ਬੀ ਨ ਖ਼ਬਰਦਾਰ ਹੋਇਓਂ,
ਝੜੀ ਗ਼ਮਾਂ ਦੀ ਸਿਰਾਂ ਤੇ ਝੁਕ ਆਸੀ।

ਅਗੇ ਤਰਸਦੇ ਵੀਰ ਦੇ ਦਰਸਨਾਂ ਨੂੰ,
ਸੋ ਅਾਵਣੀ ਬੀ ਫੇਰ ਰੁਕ ਜਾਸੀ।
ਨਾਭਾ ਪਤੀ ਦਾ ਹਾਏ 'ਦਲੀਪ' ਵਾਂਗੂ,
ਅਨ ਜਲ ਪੰਜਾਬ ਤੋਂ ਮੁਕ ਜਾਸੀ।
ਮੌਕਾ ਤਾੜ ਕੇ ਫੇਰ ਸੱਯਾਦ ਜਾਬਰ,
ਪਟਿਆਲੜੇ ਦੇ ਨੇੜੇ ਢੁਕ ਜਾਸੀ।
ਛੁਰੀ ਜਬਰ ਦੀ ਫੇਰਸੀ ਹਲਕ ਉਤੇ,
ਪੂਰੀ ਆਪਣੇ ਦਿੱਲਾਂ ਦੀ ਚਾਹ ਕਰਸੀ।
ਸੁਤਾ ਗਾਫ਼ਲਾ ਜਾਣ ਨਖੁਨ ਤੇਰਾ,
ਹਸਤੀ ਮੇਟਸੀ ਅਤੇ ਤਬਾਹ ਕਰਸੀ।

—o—

ਤਾਂ ਤੇ ਉਠ ਛੇਤੀ ਇਕੋ ਮੁਠ ਹੋਕੇ,
ਨਾਭੇ ਵਲ ਤੇਜੀ ਨਾਲ ਧਾ ਛੇਤੀ।
ਆਪਣੀ ਆਨ ਬਦਲੇ ਜਾਂਦੀ ਸ਼ਾਨ ਬਦਲੇ,
ਬਲੀ ਸੀਸ ਸੰਤਾਨ ਦੀ ਲਾ ਛੇਤੀ।
ਨਾਭੇ ਤਾਜ ਤਾਈਂ ਉਸ ਸਾਜ ਅੰਦਰ,
ਮੁੜ ਕੇ ਫੇਰ ਬਣਾ ਸ਼ਹਿਨ ਸ਼ਾਹ ਛੇਤੀ।
ਜਾਬਰ ਸੜੇ ਤੇ ਸੜ ਕੇ ਸੁਆਹ ਹੋਵੇ,
ਐਸੀ ਬਾਲ ਦੇ ਸਬਰ ਦੀ ਭਾਹ ਛੇਤੀ।
ਚਮਨ ਵੇਖਕੇ ਅਖੀਂ ਵੈਰਾਨ ਹੋਂਦਾ,
ਮਾਂਹਲ ਮਾੜੀਆਂ ਵਿਚ ਬੈਠਾ ਰਹੋ ਨਾਹੀਂ।
'ਤੀਰ' ਜਾਬਰਾਂ ਦੇ ਚਲਕੇ ਬਲ ਅੜਿਆ,
ਨੀਂਦਰ ਗਾਫ਼ਲੀ ਦੀ ਚੰਨਾ ਸੌਂ ਨਾਹੀਂ

—o—

# "ਗਲੀ ਪ੍ਰੀਤਮ ਦੀ ਵੇਖਣੀ"

ਧਨ ਜਾਏ ਜਾਨ ਜਾਏ ਸਾਰੀ ਸੰਤਾਨ ਜਾਏ,
੧ ਇਹੀ ਰੀਤ ਭਲੀ ਗਲੀ ਪ੍ਰੀਤਮ ਦੀ ਵੇਖਣੀ।
ਘਰ ਵਾਰ ਬਾਰ ਵਾਰ ਸਾਰਾ ਪ੍ਰਵਾਰ ਵਾਰ,
ਸੀਸ ਦੇਕ ਬਲੀ ਗਲੀ ਪ੍ਰੀਤਮ ਦੀ ਵੇਖਣੀ।
ਬਾਗ ਗੁਲਜ਼ਾਰਾਂ ਤਾਈਂ ਸੇਜਾਂ ਤੇ ਬਹਾਰਾਂ ਤਾਈਂ,
ਦੇਕੇ ਤਿਲੰਜਲੀ ਗਲੀ ਪ੍ਰੀਤਮ ਦੀ ਵੇਖਣੀ।
ਜੇਲ੍ਹਾਂ ਵਿਚ ਦੁਖ ਝਲ ਨੰਗ ਅਤੇ ਭੁਖ ਝਲ,
ਇਹੀ ਤਾਰ ਹਲੀ ਗਲੀ ਪ੍ਰੀਤਮ ਦੀ ਵੇਖਣੀ
ਸਾਧੂਆਂ ਦੇ ਵਾਂਗ ਰਹਿਕੇ ਸੀਸਤੇ ਕਸ਼ਟ ਸਹਿਕੇ,
ਜਾਣ ਰੰਗ ਰਲੀ ਗਲੀ ਪ੍ਰੀਤਮ ਦੀ ਵੇਖਣੀ।
ਛਾਤੀ ਵਿਚ ਕਾਤੀ ਵਰ੍ਹੇ 'ਜ਼ੋਰ, ਸੀਨਾ ਚਾਕ ਕਰੇ,
ਪਾਕ ਤਰਦੱਲੀ ਗਲੀ ਪ੍ਰੀਤਮ ਦੀ ਵੇਖਣੀ।
ਮਾਤ ਅਤੇ ਤਾਤ ਤਾਂਈਂ ਵਾਰ ਪਤ ਭ੍ਰਾਤ ਤਾਂਈਂ,
ਜਿੰਦ ਧਰ ਤਲੀ ਗਲੀ ਪ੍ਰੀਤਮ ਦੀ ਵੇਖਣੀ।
ਦੌਲਤੇ ਸਮਾਜ ਤਾਂਈ ਛਡ ਤਖਤ ਤਾਜ ਤਾਂਈ,
ਜਿਹਲ ਭੁਲੀ ਮਲੀ ਗਲੀ ਪ੍ਰੀਤਮ ਦੀ ਵੇਖਣੀ।
ਨਰ ਅਤੇ ਨਾਰ ਵਿਚ ਬਿਧ ਧਰ ਬਾਰ ਵਿਚ,
ਇਹ ਵਾਉ ਚਲੀ ਗਲੀ ਪ੍ਰੀਤਮ ਦੀ ਵੇਖਣੀ।
ਸੋਟੇ ਮਾਰ ਟੋਟੇ ਕਰੇ ਵਢ ਪੋਟ ਪੋਟ ਧਰੇ,
ਆਸਾ ਇਹ ਨ ਟਲੀ ਗਲੀ ਪ੍ਰੀਤਮ ਦੀ ਵੇਖਣੀ।
'ਤੀਰ', ਖਾਕੇ ਜ਼ਖਰਾਂ ਦੇ ਰਹਿਣਾਂ ਵਾਂਗ ਸਾਬਰਾਂ ਦੇ,
ਛਾਤੀ ਭਾਂਵੇ ਸਲੀ ਗਲੀ ਪ੍ਰੀਤਮ ਦੀ ਵੇਖਣੀ।

ਦੇਹ ਤੋਂ ਬਿਦੇਹ ਹੋਣਾ ਖੇਹ ਨਾਲ ਖੇਹ ਹੋਣਾ,
ਮੂਲ ਨ ਸੁਖੱਲੀ ਗਲੀ ਪ੍ਰੀਤਮ ਦੀ ਵੇਖਣੀ।

—o—

## ਤਖਤ ਤਾਜ ਤੋਂ ਦਸਤ ਬ੍ਰਦਾਰ ਕਰਦਾ !

ਦਿਲਾ ਗੈਰ ਦੇ ਨਾਲ ਨ ਨੇਹੁ ਲਾਈਏ,
ਉਹ ਬੇਤਰਸ ਨਹੀਂ ਕਿਸੇ ਦਾ ਯਾਰ ਹੁੰਦਾ।
ਉਹ ਬੇਦਰਦ ਹੁੰਦਾ ਤੇ ਬੇਰਹਿਮ ਹੁੰਦਾ,
ਮਤਲਬ ਪ੍ਰਸਤ ਹੁੰਦਾ ਤੇ ਅਗ਼ਯਾਰ ਹੁੰਦਾ।
ਤੰਗਦਸਤ ਹੁੰਦਾ ਤਾਂ ਪਿਆਰ ਕਰਦਾ,
ਵਕਤ ਕਢ ਬਦਨੀਤ ਬਦਕਾਰ ਹੁੰਦਾ।
ਜ਼ਾਹਿਰ ਪਿਆਰਦਾ ਮਾਰਦਾ ਡੰਗ ਅੰਦਰੋਂ,
ਜ਼ਹਿਰ ਉਗਲਦਾ ਤੇ ਹੋਸ਼ਿਆਰ ਹੁੰਦਾ।
ਅਹੋ ਵੇਖਣਾ ਈ ਜਿਸਨੂੰ ਜਾਣ ਆਜਜ਼,
ਤਰਸ ਖਾਇਕੇ ਕੋਲ ਬਹਾਲਿਆ ਏ।
ਉਸਨੇ ਸਾੜੇ ਹੀ ਜਿਗਰ ਲੂਹਣ ਖਾਤਰ,
ਵੇਖ ਜਬਰ ਮੁਆਤੜਾ ਬਾਲਿਆ ਏ।

—o—

ਕਿਧਰੇ ਵੇਖ ਵਿਚਾਰੀਆਂ ਬੁਲਬੁਲਾਂ ਨੂੰ,
ਭੇਡੇ ਵਾਂਗ ਕਸਾਈਆਂ ਕੋਹਿਆ ਏ।
ਕਿਧਰੇ ਕੋਇਲਾਂ ਹਸਦੀਆਂ ਵਸਦੀਆਂ ਦਾ,
ਹਾ ! ਹਾ ! ਆਸ਼ਯਾਨਾ ਚੰਦ੍ਰੇ ਖੋਹਿਆ ਏ।
ਸੂਰਜ ਚੰਦ ਤਾਰੇ ਜੀਵ ਜੰਤ ਸਾਰੇ;
ਸੁਣਕੇ ਜ਼ੁਲਮ ਅਸਮਾਨ ਬੀ ਰੋਇਆ ਏ।

ਕਹਿੰਦਾ ਸੁਣੋ ਲੋਕੋ ਏਦੂੰ ਵਧ ਏਥੇ,
ਘੋਰ ਜ਼ੁਲਮ ਨ ਕਦੇ ਬੀ ਹੋਇਆ ਏ
ਤਖਤ ਤਾਜ ਖੋਹਣਾ ਤੇ ਮਜ਼ਲੂਮ ਕੋਹਣਾ,
ਅਖੀਂ ਆਪਣੀਂ ਮੈਂ ਕਦੇ ਤਕਿਆ ਨ
ਏਸੇ ਵਾਸਤੇ ਵਗਿਆ ਨੀਰ ਨੈਂਨੋਂ,
ਜ਼ੁਲਮ ਅਤੇ ਅਨਿਆਉਂ ਜਰ ਸਕਿਆ ਨ

—o—

ਕੋਈ ਵੇਖਯਾ ਨਹੀਂ ਦੁਖੀ ਆਜਜ਼ਾਂ ਤੇ,
ਬਣਕੇ ਯਾਰ ਸਕੀਨਾ ਦੇ ਵਾਰ ਕਰਦਾ
ਕੋਈ ਵੇਖਯਾ ਨ ਦੇਸ ਸੇਵਕਾਂ ਨੂੰ,
ਸੇਵਾ ਕਰਨ ਦੇ ਬਦਲੇ ਗ੍ਰਿਫਤਾਰ ਕਰਦਾ
ਕੋਈ ਵੇਖਯਾ ਨ ਡਾਇਰ ਵਾਂਗ ਕਾਇਰ,
ਗੀਨਾਂ ਜੋੜ ਕੇ ਲਾਹ ਸਥਾਰ ਬਰਦਾ
ਕੋਈ ਵੇਖਯਾ ਨ ਧਰਮੀ ਰਾਜਿਆਂ ਨੂੰ,
ਤਖਤ ਤਾਜ ਤੋਂ ਦਸਤਬਰਦਾਰ ਕਰਦਾ
ਅਜਤੋਂ ਸਾਲ ਸਤਰ ਪਹਿਲੇ ਵੇਖ ਜਿਸਨੂੰ,
ਦੁਖੀ ਜਾਨ ਗੁਜ਼ਰਾਨ ਲਈ ਜਾ ਦਿਤੀ
ਉਸਨੇ ਤਾਜ ਸਾਡੇ ਨੂੰ ਮੁਥਾਜ ਕਰਕੇ,
ਸਾਡੇ ਸੀਨਿਆਂ ਨੂੰ ਤੀਲੀ ਲਾ ਦਿਤੀ

—o—

## ( ਅਗੰਮ ਦੀ ਅਵਾਜ਼ )

ਪਿਆਰੇ ਹਿੰਦੀਓ ਤੁਸਾਂ ਦੇ ਜੁਧ ਖਾਤਰ,
ਦਿਤਾ ਭੇਜ ਦਰਗਾਹ ਤੋ ਸਾਜ ਚਰਖਾ

ਨਾਲ ਜ਼ਾਲਮਾਂ ਦੇਖੁਬ ਜੂਝਸੀ ਏਹ,
ਦੇਸੀ ਦੁਸ਼ਮਨਾਂ ਦੇ ਤਾਈਂ ਭਾਜ ਚਰਖਾ।
ਇਸਦੀ ਤੰਦ ਜ਼ੰਜੀਰ ਬਲਬੀਰ ਬਣਸੀ,
ਜਕੜ ਵੈਰੀਆਂ ਕਰਸੀ ਮੁਥਾਜ ਚਰਖਾ।
ਸ਼ਹਿਨ ਸ਼ਾਹ ਜਹਾਨ ਦਾ ਬਾਪ ਦਿਤਾ,
ਕਰਕੇ ਟੋਰਿਆ ਹਿੰਦ ਦਾ ਤਾਜ ਚਰਖਾ।

---o---

ਮੁਲਕ ਦੇਸ ਆਜ਼ਾਦ ਕਰਾਣ ਖਾਤਰ,
ਆਪ ਕਤਿਆ ਗਾਂਧੀ ਮਹਾਰਾਜ ਚਰਖਾ।
ਕਢ ਦੇਵਸੀ ਕਫ਼ਸ, ਚੋਂ ਕੈਦੀਆਂ ਨੂੰ,
ਖੋਹਲ ਦੇਵਸੀ ਜ਼ੁਲਮ ਦੇ ਪਾਜ ਚਰਖਾ
ਦੇਸ ਸੇਵਕਾਂ ਦੀ ਹੋਸੀ ਚਾਹ ਪੂਰੀ,
ਗਾਂਧੀ, ਦਾਸ ਦੀ ਰਖਸੀ ਲਾਜ ਚਰਖਾ।
ਸ਼ਾਹਿਨ ਸ਼ਾਹ ਜਹਾਨ ਦਾ ਬਾਪ ਦਿਤਾ,
ਕਰਕੇ ਟੋਰਿਆ ਹਿੰਦ ਦਾ ਤਾਜ ਚਰਖਾ

---o---

ਕਰਸੀ ਨਾਸ "ਕਟੇਰਿਆਂ" ਜਾਬਰਾਂ ਦਾ,
ਝਪਟ ਮਾਰਸੀ ਹੋਇਕੇ ਬਾਜ ਚਰਖਾ।
ਕਢਸੀ ਮੁਲਕ ਗੁਲਾਮੀ ਦੀ ਲਹਿਰ ਵਿਚੋਂ,
ਲਾਸੀ ਪੋੜ ਹੋ 'ਤੀਰ, ਸਵਰਾਜ ਚਰਖਾ।
ਬਾਣ ਮਾਰਸੀ ਸਬਰ ਦੇ ਤੇਜ ਕੜੇ,
ਜਾਂਦੀ ਰਖੇਗਾ ਹਿੰਦ ਦੀ ਲਾਜ ਚਰਖਾ।
ਸਾਹਿਨ ਸਾਹ ਜਹਾਨ ਦਾ ਬਾਪ ਦਿਤਾ,
ਕਰਕੇ ਤੋਰਿਆ ਹਿੰਦ ਦਾ ਤਾਜ ਚਰਖਾ।

ਕਤੇ ਸੂਤ ਤੇ ਦਿਉ ਖੜਕਾ ਖੜੀਆਂ,
ਪੂਰਨ ਕਰੇਗਾ ਆਪਦੇ ਕਾਜ ਚਰਖਾ।
ਖਦੜ ਤਨ ਤੇ ਪਾਣਾ ਜਾਣ ਮਖ਼ਮਲ,
ਘਰ ਘਰ ਅੰਦਰੋਂ ਦੇਵੇ ਆਵਾਜ਼ ਚਰਖਾ।
ਕਜਨ ਆਜਜ਼ਾਂ ਦਾ ਕਫ਼ਨ ਮੁਰਦਿਆਂ ਦਾ,
ਵਿਆਹੀਆਂ ਬੀਬੀਆਂ ਦੇ ਕਤੇ ਦਾਜ ਚਰਖਾ।
ਸ਼ਹਿਨ ਸ਼ਾਹ ਜਹਾਨ ਦਾ ਖਾਕ ਦਿਤਾ,
ਕਰਕੇ ਤੋਰਿਆ ਹਿੰਦ ਦਾ ਤਾਜ ਚਰਖਾ।

—o—

# ਨਨਕਾਣੇ ਸਾਹਿਬ ਦੇ ਕਵੀ ਦਰਬਾਰ ਦੀ ਪਹਿਲੇ ਦਰਜੇ ਇਮਨਾਮੀ ਕਵਤਾ

## ਦਿਲ ਤੜਫੇ ਤੇ ਕੇਰੇ ਹੰਝੂ ਸਾਕਾ ਸੁਣ ਨਨਕਾਣੇ ਦਾ

ਦਸਮੇ ਗੁਰੂ ਦੀ ਫ਼ੌਜ ਅਕਾਲੀ ਕਰਨੇ ਤਾਈ ਸੁਧਾਰ ਚਲੀ,
ਪ੍ਰੇਮ ਪਯਾਲੇ ਪੀਕੇ ਟੁਰਪਈ ਜਿਉਂ ਕੂਜਾਂਦੀ ਡਾਰ ਚਲੀ।
ਕਾਮ ਕ੍ਰੋਧ ਮੋਹ ਲੋਭ ਫਤੇਹ ਕਰ ਜਿਤ ਬਲੀ ਹੰਕਾਰ ਚਲੀ,
ਗੁਰ ਦੇ ਦਰ ਕੁਰਬਾਨ ਹੋਣਲਈ ਸਾਸ ਬੀ ਲਿਆਉਤਾਰ ਤਲੀ।
ਸੋਹਣੇ ਹਿਰੇ ਲਾਲ ਸ਼ਾਤਮਈ ਚਾਉ ਸ਼ਹੀਦੀ ਪਾਣੇ ਦਾ,
ਦਿਲ ਤੜਫੇ ਤੇ ਕੇਰੇ ਹੰਝੂ ਸਾਕਾ ਸੁਣ ਨਨਕਾਣੇ ਦਾ
ਗੁਰ ਦੇ ਚਰਨੀਂ ਪੁਜ ਗਈ ਅਰ ਸੀਸ ਨਿਵਾਕੇ ਸਜ ਗਈ,
ਆਗਈ ਮੌਤ ਸੁਨੇਹੜੇ ਲੈਕੇ ਚੋਟ ਨਗਾਰੇ ਵਜ ਗਈ।
ਬਿਜਲੀ ਕਹਿਰ ਸਿਤਮ ਦੀ ਹਾਏ ਕੜਕੀ ਕੜ ਕੇ ਗਜ ਗਈ,
ਫੌਜ ਗੁਰ ਦੀ ਬੈਠੇ ਧਰਮੀ ਵੇਖਸਕੀ ਨਾ, ਲਜ ਗਈ।

ਧਾਰ ਲਿਆ ਦਿਲ ਖੂਬ ਇਰਾਦਾ ਜਬਰ ਮੀਂਹ ਵਰਸਾਣੇ ਦਾ,
ਦਿਲ ਤੜਫੇ ਤੇ ਕੇਰੇ ਹੰਝੂ ਸਾਕਾ ਸੁਣ ਨਨਕਾਣੇ ਦਾ।

—o—

ਦੇਰ ਨ ਹੋਈ ਅਖ ਪਲਕ ਦੀ ਠਾਹ ਕ ਗੋਲੀ ਚਲੀਏ,
ਔਹ ਲੈ ਆਈ, ਐਹ ਆ ਵਜੀ, ਸੀਨਾ ਫਾਹ ਕੇ ਝਲੀਏ।
ਵਾਹਿਗੁਰੂ ਦੀ ਧੁਨ ਸੁਣੀਂਦੀ ਭਾਂਵੇ ਛਾਤੀ ਸਲੀਏ,
ਸਿਰ ਦੇ ਦੇਣਾ ਬਚਨ ਨ ਦੇਣਾ ਇਹ ਪ੍ਰੀਤਮ ਵਾਲੀ ਗਲੀ ਏ।
ਵੇਖ ਅਨੋਖਾ ਢੰਗ ਦਿਲਾ ਗੁਰਧਾਮ ਅਜ਼ਾਦ ਕਰਾਣੇ ਦਾ,
ਦਿਲ ਤੜਫੇ ਤੇ ਕੇਰੇ ਹੰਝੂ ਸਾਕਾ ਸੁਣ ਨਨਕਾਣੇ ਦਾ।
ਮਾਲਕ ਮੁਲਕਾਂ ਦੇਸਾਂ ਦੇ ਸਿਰਤਾਜ ਇਲਾਹੀ ਨੂਰਾਂ ਦੇ,
ਵਾਹਵੰਦ ਜਿਹਰੇ ਬੰਨ੍ਹਣੇ ਦੇ ਹਾਏ ਕੰਤ ਸ਼ਹੀਦੀ ਹੂਰਾਂ ਦੇ।
ਭੌਰੇ ਗੁਰਾਂ ਦੇ ਚਰਨਾਂ ਦੇ ਮਤਵਾਲੇ ਦਰਸ ਹਜ਼ੂਰਾਂ ਦੇ,
ਖਾ ਖਾ ਗੋਲੀ ਇਓਂ ਡਿੱਗਦੇ ਗੁਛੇ ਜਿਵੇਂ ਅੰਗੂਰਾਂ ਦੇ।
ਚਾਉ ਨ ਦਿਲ ਵਿਚ ਹੋਰ ਕੋਈ ਇਕ ਚਾਉ ਬਲੀ ਸਿਰ ਲਾਣੇ ਦਾ,
ਦਿਲ ਤੜਫੇ ਤੇ ਕੇਰੇ ਹੰਝੂ ਸਾਕਾ ਸੁਣ ਨਨਕਾਣੇ ਦਾ।

—o—

ਹੋਂਦੀ ਵੇਖ ਸਿਤਮ ਦੀ ਝਾਕੀ ਹੋਸ਼ ਠਿਕਾਣਿਓਂ ਹਲਦੀ ਏ,
ਕਿਧਰੇ ਵਾਰ ਗੰਡਾਸੇ ਦੇ ਪਈ ਛਵ੍ਹੀ ਛਵ੍ਹੀ ਤੇ ਚਲਦੀ ਏ।
ਕਿਧਰੇ ਤੜ ੨ ਭਠੀਆਂ ਦੀ ਕਿਤੇ ਅਗਨੀ ਲਟ ੨ ਬਲਦੀ ਏ,
ਹਾਏ ਧਰਮੀ ਜੀਵਾਂ ਨੂ ਪਈ ਤੇਲ ਜਬਰ ਵਿਚ ਤਲਦੀ ਏ।
ਮੌਤ ਕਸਾਇਣ ਨੇ ਹੈ ਫੜਿਆ ਕਾਰਾ ਧਰਮੀ ਖਾਣੇ ਦਾ,
ਦਿਲ ਤੜਫੇ ਤੇ ਕੇਰੇ ਹੰਝੂ ਸਾਕਾ ਸੁਣ ਨਨਕਾਣੇ ਦਾ।
ਪਹੁੰਚੀ ਖਬਰ ਅਕਾਲੀ ਨੂੰ ਤੇਰੇ ਲਾਲ ਨੇ ਹੋ ਕੁਰਬਾਨ ਗਏ,
ਪੁਤ ਮਾਈਆਂ ਦੇ ਪਤੀ ਨਾਰਾਂ ਦੇ ਵੀਰ ਭੈਣਾਂ ਦੇ ਸੁਲਤਾਨ ਗਏ।

ਫੁਲ ਵਾੜੀ ਦੇ ਫੁਲ ਟਹਿਕ ਰਹੇ ਛਡ ਮੰਦਾਂ ਗੁਲਸਤਾਂਨ,
ਸਿਰ ਵਾਰਕੇ ਕਰ ਸੁਧਾਰ ਗਏ ਧਰ ਪਲੈ ਤੀਕ ਨਿਸਾਨ ਗਏ।
ਪੰਥ ਅਕਾਲੀ ਨੇ ਤਦ ਆਕੇ ਦਰਸ਼ਨ ਕੀਤਾ ਭਾਣੇ ਦਾ,
ਦਿਲ ਤੜਫੇ ਤੇ ਕੰਬੇ ਹੰਝੂ ਸਾਕਾ ਸੁਣ ਨਨਕਾਣੇ ਦਾ।

--o--

ਕਿਧਰੇ ਕੀਮਾ ਦਿਸਦਾ ਏ ਅਰ ਧਰਤੀ ਲਹੂ ਲੁਹਾਣ ਕਿਤੇ,
ਕਿਧਰੇ ਰੋਲੀ ਵਰ੍ਹਾਇ ਪਏ ਲਭਦੇ ਵੇਖੋ ਘਾਂਨ ਕਿਤੇ।
ਕਿਤੇ ਜੀਉਂਦੇ ਭਠੀਆਂ ਵਿਚ ਦੇ ਤੜਫਨ ਬਿਸਮਲ ਜਾਨ ਕਿਤੇ,
ਬਿਛੀਂ ਦੰਨ ਜਲੀਂ ਦੇਹਨ ਰੋਈ ਨ ਛਮਨ ਜਿਹੇ ਬਲਵਾਨ ਕਿਤੇ।
ਐਸਾ ਕਹਿਰ ਕਮਾਣੇ ਬੀ ਦਿਲ ਠੰਢਿਆ ਨਹੀਂ ਜਲਵਾਣੇ ਦਾ,
ਦਿਲ ਤੜਫੇ ਤੇ ਕੰਬੇ ਹੰਝੂ ਸਾਕਾ ਸੁਣ ਨਨਕਾਣੇ ਦਾ।
ਜਦ ਲਾਟਾਂ ਨਿਕਲਨ ਭਠੀਆਂ ਤੋਂ ਨਿਕਲੇ ਆਹ ਪੁਕਾਰ ਪਏ,
ਦੋ ਨੇਤਰ ਕੀ ਲਿਖ ਨੇਤਰ ਬੀ ਪਏ ਰੋਵਣ ਜ਼ਾਰੋ ਜ਼ਾਰ ਪਏ।
ਹਾ! ਹਾ! ਧਰਮੀ ਜੀਵਾਂ ਦੇ ਅਜ ਭੁਖਦੇ ਨੇ ਅੰਗਿਆਰ ਪਏ,
ਜੀਵ ਜੰਤ ਬ੍ਰਿਛ ਬੂਟੇ ਬੀ ਰੋ ਰੋ ਕੇ ਧਾਹੀਂ ਮਾਰ ਰਹੇ।
ਸਭ ਦਿਲ ਰੋਂਦੇ ਬੇਸੁਧ ਹੋਂਦੇ ਤਕ ਕਾਰਾ ਜਬਰ ਕਮਾਣੇਦਾ,
ਦਿਲ ਤੜਫੇ ਤੇ ਕੰਬੇ ਹੰਝੂ ਸਾਕਾ ਸੁਣ ਨਨਕਾਣੇ ਦਾ।

--o--

ਚਾਹੇ ਲੋਪ ਹੋਏ ਦੁਨੀਆਂ ਤੋਂ ਛਡ ਗਏ ਜਗ ਵਿਚ ਯਾਦ ਸਦਾ,
ਗੁਰ ਧਾਮ ਕੁਰੀਤਾਂ ਪਾਪਾਂ ਤੋਂ ਕਰ ਗਏ ਨੇ ਵੇਖ ਆਜ਼ਾਦ ਸਦਾ।
ਦੇਕੇ ਪੈਗ਼ਾਮ ਰਵਾਨ ਹੋਏ—ਏਹ ਰਹਿਣੀ ਨਹੀਂ ਬੇਦਾਦ ਸਦਾ,
ਐ ਖਾਲਸਾ ਕੌਮ ਸ਼ਹੀਦਾਂ ਦੀ ਸਾਹ 'ਤੀਰ' ਜਬਰ ਰਹੋ ਸ਼ਾਦ ਸਦਾ।
ਰਲ ਮਿਲਕੇ ਕਰਨੀ ਕਾਰ ਸਦਾ ਲਾਹ ਲੈਣਾ ਜਗ ਤੇ ਆਣੇਦਾ,
ਦਿਲ ਤੜਫੇ ਤੇ ਕੰਬੇ ਹੰਝੂ ਸਾਕਾ ਸੁਣ ਨਨਕਾਣੇ ਦਾ।

# ਉਲਟੀ ਵਾੜ ਹੈ ਖੇਤ ਨੂੰ ਖਾਈ ਜਾਂਦੀ
## (ਅਵਲ ਦਰਜੇ ਦੀ ਇਨਾਮੀ ਕਵਿਤਾ)

ਕਲੂ ਕਾਲ ਸੰਦਾ ਜ਼ੋਰ ਸ਼ੋਰ ਹੋਯਾ,
ਅੰਧਾ ਧੁੰਦ ਹਨੇਰੜੀ ਛਾਈ ਜਾਂਦੀ।
ਕੀਤਾ ਰਾਜਿਆਂ ਨੇ ਰੂਪ ਕਾਤਲਾਂ ਦਾ,
ਪਰਜਾ ਬਕਰਿਆਂ ਵਾਂਗ ਝਟਕਾਈ ਜਾਂਦੀ।
ਕਾਲੀ ਮਸਿਆ ਝੂਠ ਦੀ ਪਈ ਸਾਰੇ,
ਸਚ ਚੰਦ੍ਰਮੇ ਤਾਈਂ ਲੁਕਾਈ ਜਾਂਦੀ।
ਮਿਲੇ ਲੋੜਿਆ ਕਿਤੇ ਇਨਸਾਫ਼ ਨਾਹੀਂ,
ਛੁਰੀ ਜਬਰ ਦੀ ਤੇਜ਼ ਚਲਾਈ ਜਾਂਦੀ।
ਦੇਸ ਭਗਤ ਹੋਏ ਬੰਦੀਵਾਨ ਹਾ ! ਹਾ,
ਧਰਮੀ ਬੰਦਿਆਂ ਨੂੰ ਪਾਈ ਫਾਹੀ ਜਾਂਦੀ।
ਨਿਕਲੇ ਆਹ ਕਲਮੋਂ ਨੈਨੋਂ ਕਿਰਨ ਹੰਝੂ,
ਦੁਖੀ ਦਾਸਤਾਂ ਲਿਖੀ ਨ ਗਾਈ ਜਾਂਦੀ।

—o—

ਕਿਤੇ ਪੈਣ ਡਾਂਗਾਂ ਸਾਂਗਾਂ ਚੁਭਨ ਕਿਧਰੇ,
ਖ਼ਲਕਤ ਸਾਂਈ ਦੀ ਅਤੀ ਦੁਖਾਈ ਜਾਂਦੀ।
ਡਾਢੀ ਆਜਜ਼ਾਂ ਲਈ ਮੌਤ ਰੂਪ ਹੋ ਕੇ,
ਜਬਰ ਸਿਤਮ ਦੀ ਭਾਹ ਭੜਕਾਈ ਜਾਂਦੀ।
ਕਿਤੇ ਮਾਰ ਗੋਲੀ ਕਿਤੇ ਵਢ ਟੋਟੇ,
ਬਲਦੇ ਆਵਿਆਂ ਦੇ ਅੰਦਰ ਪਾਈ ਜਾਂਦੀ।
ਕਿਤੇ ਜੀਂਦਿਆਂ ਤੇ ਤੇਲ ਛਿੜਕਦੀ ਏ,
ਫੂਛਾਂ ਨਾਲ ਵੰਨੁ ਕੇ ਗਨੀ ਲਾਈ ਜਾਂਦੀ।

ਗੁਰ ਸਥਾਂਨ ਕਿਧਰੇ ਕਤਲ ਗਾਹ ਬਣਦੇ,
ਨਦੀ ਖੂਨ ਅੰਦਰ ਵਹਾਈ ਜਾਂਦੀ।
ਆਪ ਵਰਤਦਾ ਕਹਿਰ ਦੀ ਹਦ ਹੋ ਗਈ,
ਤੇਰੇ ਜਿਸਮ ਤੇ ਗੋਲੀ ਚਲਾਈ ਜਾਂਦੀ।

—o—

ਧਰਮੀ ਡਕ ਬਿਦੇਸ ਜਿੰਦਾਂਨ ਅੰਦਰ,
ਚੱਕੀ ਕੈਦੀਆਂ ਵਾਂਗ ਪਿਹਾਈ ਜਾਂਦੀ।
ਹੋਂਦੇ ਜਬਰ ਕਾਨੂੰਨ ਦੀ ਆੜ ਅੰਦਰ,
ਝੜੀ ਜਬਰ ਦੀ ਅਤੀ ਵਰਸਾਈ ਜਾਂਦੀ।
ਸੇਵਾ ਕਰਦਿਆਂ ਤੇ ਨਾਮ ਰਟਦਿਆਂ ਤੇ,
ਦਫਾ ਬਾਗ਼ੀਆਂ ਵਾਲੀ ਲਗਾਈ ਜਾਂਦੀ।
ਡੱਕਕੇ ਕਫ਼ਸ ਅੰਦਰ ਡਾਰ ਬੁਲਬੁਲਾਂ ਦੀ,
ਖੰਭ ਤੋੜਕੇ ਦੁਖੀ ਤੜਫਾਈ ਜਾਂਦੀ

—o—

ਤੇਰੇ ਬੱਚਿਆਂ ਨੂੰ ਬੰਦੀਵਾਨ ਕਰਕੇ,
ਚਾੜ੍ਹ ਟਿਕਟਿਕੀ ਤੇ ਚਮੜੀ ਲਾਹੀ ਜਾਂਦੀ।
ਤੀਰ ਜਬਰ ਸਹਿਕੇ ਵੇਖ ਦੁਖੀ ਖ਼ਲਕਤ,
ਤੇਰੇ ਦਰ ਤੇ ਵਾਸਤੇ ਪਾਈ ਜਾਂਦੀ।
ਮਿਹਰਾਂ ਵਾਲਿਆ ਤੇਰੀ ਅਜ ਯਾਦ, ਆਜਾ,
ਭਾਰਤ ਦੁਖੀ ਹੋ ਵੇਖ ਕੁਰਲਾਈ ਜਾਂਦੀ।
ਰਾਜੇ ਰਖਿਆਂ ਦੇ ਨਿਯਮ ਤੋੜ ਬੈਠੇ,
ਉਲਟੀ ਵਾੜ ਹੈ ਖੇਤ ਨੂੰ ਖਾਈ ਜਾਂਦੀ।

—o—

# ਹੋਸੀ ਨਾਭੇ ਤੋਂ ਜਾਨ ਕੁਰਬਾਨ ਸਾਡੀ

## ਮਾਂਗਟ ਜਿਲਾ ਗੁਜਰਾਤ ਦੀ ਕਵੀ

## ਦਰਬਾਰ ਦੀ ਪਹਿਲੇ ਦਰਜੇ ਦੀ ਇਨਾਂਮੀ ਕਵਤਾ

ਸੀਸ ਵਾਰਨੇ ਦੀ ਜ਼ੁਲਮ ਮੇਟਨੇ ਦੀ,
ਚਲੀ ਆਂਵਦੀ ਆਦ ਤੋਂ ਬਾਨ ਸਾਡੀ।
ਹੋਂਦੇ ਜ਼ੁਲਮ ਆਏ ਸਹਿੰਦੇ ਅਸੀ ਆਏ,
ਭਰਨ ਸਾਖ਼ ਪਏ ਜ਼ਿਮੀ ਅਸਮਾਨ ਸਾਡੀ।
ਬਾਜ਼ੀ ਸਿਰਾਂ ਤੇ ਧੜਾਂ ਦੀ ਲਾਂਵਦੇ ਰਹੇ,
ਫ਼ਤੇਹ ਹੋਂਵਦੀ ਰਹੀ ਹਰ ਮੈਦਾਨ ਸਾਡੀ।
ਹੁਣ ਵੀ ਮਰਨ ਤੋਂ ਰਤਾ ਨ ਖ਼ੌਫ਼ ਸਾਨੂੰ,
ਹੋਸੀ ਨਾਭੇ ਤੋਂ ਜਾਨ ਕੁਰਬਾਨ ਸਾਡੀ।
ਮਰਨਾ ਧਰਮ ਖ਼ਾਤਰ ਕਰਨੀ ਦੇਸ ਸੇਵਾ,
ਸਬਕ ਸਿਖਦੀ ਰਹੀ ਸੰਤਾਨ ਸਾਡੀ।
ਦੁਖੀ ਵੇਖਕੇ ਦੁਖੀ ਨੂੰ ਦੁਖ ਹੋਂਦੇ,
ਏਸੇ ਲਈ ਸੀ ਉਭਰੀ ਸ਼ਾਨ ਸਾਡੀ।
ਹੁਣ ਵੀ ਬਲੀ ਸਰੀਰ ਦੀ ਲਾਂਵਣੀ ਹੈ,
ਘੜੀ ਪਲਕ ਦੀ ਏਥੇ ਗੁਜ਼ਰਾਨ ਸਾਡੀ।
ਮਰਨਾ ਆਨ ਖ਼ਾਤਰ ਵਾਂਗ ਧਰਮੀਆਂ ਦੇ,
ਹੋਸੀ ਨਾਭੇ ਤੋਂ ਜਾਨ ਕੁਰਬਾਨ ਸਾਡੀ।
ਧਰਮ ਲਈ ਕੁਰਬਾਨੀਆਂ ਦੇਂਵਦੇ ਰਹੇ,
ਗੁੱਝੀ ਕਿਸੇ ਤੋਂ ਨਹੀਂ ਦਾਸਤਾਨ ਸਾਡੀ।
ਇਹ ਚਾਹ ਰਹਿੰਦੀ ਸਾਡੇ ਦਿਲ ਹੋਵੇ,
ਜਿੰਦੜੀ ਕੌਮ ਖ਼ਾਤਰ ਬਲੀਦਾਨ ਸਾਡੀ

ਏਸੇ ਖਯਾਲ ਨੇ ਕੀਤਾ ਮਨਜ਼ੂਰ ਤਾਂਹੀਂ,
ਹੋਸੀ ਨਾਭੇ ਤੋਂ ਜਾਂਨ ਕੁਰਬਾਨ ਸਾਡੀ।
ਭਾਣੇ ਸਾਂਈਂ ਵਿਚ ਸ਼ੁਕਰ ਰਜ਼ਾਰ ਹੋਣਾਂ,
ਭਾਂਵੇ ਲਬਾਂ ਤੇ ਅੜੀ ਹੋਇ ਜਾਨ ਸਾਡੀ।
ਜੇਕਰ ਪੈਰੀਆਂ ਪੋਰੀਆਂ ਜਾਇ ਕਟੀ,
ਟਲਦੀ ਸਚ ਤੋਂ ਨਾਹੀ ਜ਼ਬਾਨ ਸਾਡੀ।
ਸੀਸ ਗੁਰੂ ਦਾ ਜੇ ਲਗੇ ਗੁਰੂ ਲੇਖੇ,
ਦਸੋ ਏਸ ਵਿਚ ਭਲਾ ਕੀ ਹਾਨ ਸਾਡੀ।
ਇਹੋ ਸੋਚਕੇ ਤਲੀ ਤੇ ਜਿੰਦ ਰਖੀ.
ਹੋਸੀ ਨਾਭੇ ਤੋਂ ਜਾਨ ਕੁਰਬਾਨ ਸਾਡੀ।
ਫੂਲ ਚਮਨ ਤੋਂ ਟੁਟਦੇ ਫੁਲ ਹੋਵਨ,
ਗੁਲਸ਼ਨ ਹੋਂਵਦੀ ਹੋਵੇ ਵੈਰਾਨ ਸਾਡੀ।
ਕਲੀ ਮਹਿਕਦੀ ਟਹਿਕਦੀ ਬਾਗ਼ ਵਿਚੋਂ,
ਜਦੋਂ ਟਕ ਲਗੇ ਮੁਰਝਾਨ ਸਾਡੀ।
ਗੁਰੂ ਘਰ ਤੇ ਗ਼ੈਰਾਂ ਦਾ ਹਥ ਹੋਵੇ,
ਜਾਬਰ ਪਤ ਲਗੇ ਹੋਵਣ ਲਾਹਨ ਸਾਡੀ।
ਕਿਉਂ ਨ ਜਾਨ ਦੇਈਏ ਵਾਰ ? ਯਾਰ ਕਿਹੁੰਨਾ,
ਹੋਵੇ ਨਾਭੇ ਤੋਂ ਜਾਨ ਕੁਰਬਾਨ ਸਾਡੀ।
ਗੁਰੂ ਬਾਗ਼, ਜਲਿਆਂ, ਬਜ ਬਜ, ਨਨਕਾਣੇ,
ਕੀਤੀ ਪੂਜ ਤੂੰ ਪਰਖ ਪਛਾਨ ਸਾਡੀ।
ਤੇਰੇ ਭਾਗ ਸੋਟੇ, ਗੋਲੀ, ਹਾਰ ਹੁਟੇ,
ਰਹੀ ਸਬਰ ਦੀ ਆਹ ਬਲਵਾਨ ਸਾਡੀ।
ਹੁਣ ਭੀ ਸ਼ਾਂਤ ਰਹਿਣਾ ਸਿਰਤੇ ਕਸ਼ਟ ਸਹਿਣਾ,
ਏਸੇ ਵਿਚ ਹੈ ਕੁਸ਼ਲ ਕਲਿਆਨ ਸਾਡੀ।

ਫੁਲ ਫੈਜ਼ ਦਾ ਚਮਨ ਸੁਸਬਜ਼ ਕਰਨਾ,
ਹੱਸੀ ਨਾਭੇ ਤੋਂ ਜਾਨ ਕੁਰਬਾਨ ਸਾਡੀ ।

—o—

ਤੈਨੂੰ ਮਾਣ ਹੈ ਜਾਬਰਾ ਗੋਲੀਆਂ ਦੇ,
ਜਿਹਲਾਂ ਚਕੀਆਂ ਤੇ ਤੇਜ਼ ਕਾਤੀਆਂ ਦੇ
ਸਾਨੂੰ ਮਾਣ ਹੈ ਸਬਰ ਦੀ ਤੇਗ ਉਤੇ,
'ਤੀਰ' ਝਲਨੇ ਵਾਲੀਆਂ ਛਾਤੀਆਂ ਦੇ ।

—o—

ਸ਼ਾਂਤਮਈ ਰਹਿਕੇ ਜਬਰ ਸਿਤਮ ਸਹਿਕੇ,
ਨਾਭਾ ਪਤੀ ਦੀ ਜਿੰਦ ਅਜ਼ਾਦ ਕਰਸਾਂ ।
ਜਿੰਦੜੀ ਆਪਣੀ ਭਾਵੇਂ ਕੁਰਬਾਨ ਕਰਸਾਂ,
ਐਪਰ ਜਬਰ ਨੂੰ ਜੜ੍ਹੋਂ ਬਰਬਾਦ ਕਰਸਾਂ ।

—o—

## ਸ੍ਰ: ਮੰਗਲ ਸਿੰਘ ਐਡੀਟਰ
## ਅਕਾਲੀ ਦਾ ਸਵਾਗਤ

ਵੀਰ ਦਰਦੀਆਂ ਆ ਗਲੇ ਲਗ ਮਿਲੀਏ,
ਹੋਵਣ ਹਿਰਾਂ ਦੀਆਂ ਦੂਰ ਬਲਾਈਆਂ ਵੇ
ਖਾਤਰ ਦੇਸ ਦੀ ਵਾਂਗ ਦਰਵੇਸ਼ ਰਹਿਕੇ,
ਪ੍ਰੀਤਾਂ ਨਾਲ ਅਜ਼ਾਦੀ ਦੇ ਲਾਈਆਂ ਵੇ ।
ਕੌਮ ਵਾਸਤੇ ਕਫਸ ਦੇ ਵਿਚ ਪੈਕੇ,
ਮੂੰਹਾਂ ਕੁਟੀਆਂ ਚਕੀਆਂ ਚਕੀਆਂ ਵਾਹੀਆਂ ਵੇ ।
'ਤੀਰ' ਝਲਕੇ ਸਾਬਰਾਂ ਜਾਬਰਾਂ ਦੇ,
ਲਈ ਕੌਮ ਪਾਸੋਂ ਤੁਦਵੰਡਾ ਚਲਕੇ ।

ਸੀਨੇ ਦਾਗ ਲਗੇ ਨੇ ਨੌਂ ਨੀਚ ਵਰਗੇ,
ਤੇਰੇ ਮਿਲਨੇ ਦਾ ਲਗਾ ਚਾ ਅੜਿਆ।
ਤਿੰਨ ਸਾਲ ਬੀਤੇ ਇਸੇ ਹਾਲ ਅੰਦਰ,
ਬ੍ਰਿਹੋਂ ਕੁਠਿਆਂ ਨੂੰ ਗਲੇ ਲਾ ਅੜਿਆ।

—o—

ਮੇਰਾ ਦਿਲਾ ਸੀ ਜੇ ਕਫਸੋਂ ਬਾਹਰ ਆਵੇਂ,
ਤੈਨੂੰ ਸੁਖ ਦੇਵਾਂ ਤੇ ਅਰਾਮ ਦੇਵਾਂ।
ਸੇਜਾਂ ਸੋਹਣੀਆਂ ਉਤੇ ਬਿਸ੍ਰਾਮ ਦੇਵਾਂ,
ਪਾਣੀ ਠੰਡੜੇ ਸੁਭਾ ਤੇ ਸ਼ਾਮ ਦੇਵਾਂ।
ਲਗਣ ਤੁਧ ਨੂੰ ਨ ਤਤੀ ਵਾ ਦੇਵਾਂ,
ਦਾਸ ਟਹਿਲੀਏ ਕਿਤਨੇ ਗੁਲਾਮ ਦੇਵਾਂ।
ਐਪਰ ਕਰਾਂ ਕੀ ਹਾਏ ਮਜਬੂਰ ਹਾਂ ਮੈਂ,
ਆਖੇ ਦਿਲ ਇਕ ਪਹਿਲੋਂ ਪੈਗਾਮ ਦੇਵਾਂ।
ਮਾਰ ਜਾਬਰਾਂ ਨੇ ਜਬਰ 'ਤੀਰ' ਵੀਠਾ,
ਜਿਗਰ ਵੇਖ ਅਸਾਡੜਾ ਸਲਿਆ ਈ।
ਨਾਭੇ ਰਾਜ ਤੋਂ ਤਖਤ ਤਾਜ ਖੋਹਕੇ,
ਡੇਹਰਾ ਦੂਨ ਕੈਦੀ ਕਰਕੇ ਘਲਿਆ ਈ।

—o—

ਬ੍ਰਿਹੋਂ ਉਸਦਾ ਪਿਆ ਤੜਫਾਂਵਦਾ ਏ,
ਘੜੀ ਪਲਕ ਨ ਆਂਵਦੀ ਧੀਰ ਸਾਨੂੰ।
ਖਾਣ ਪੀਣ ਤੇ ਜੀਣ ਨ ਭਾਂਵਦਾ ਏ,
ਜਿਨੀ ਦੇਰ ਤਕ ਮਿਲੇ ਨ ਵੀਰ ਸਾਨੂੰ।
ਬ੍ਰਿਹੋਂ ਉਸਦਾ ਪਿਆ ਤੜਫਾਂਵਦਾ ਏ,
ਘੜੀ ਪਲਕ ਨ ਆਂਵਦ ਧੀਰ ਸਾਨੂੰ

ਹੁਣ ਭੀ ਸ਼ਾਂ

ਖਾਣ ਪੀਣ ਤੇ ਜੀਣ ਨ ਭਾਂਵਦਾਏ,
ਜਿਨੀ ਦੇਰ ਤਕ ਮਿਲੇ ਨ ਵੀਰ ਸਾਨੂੰ।
ਰਾਤ ਦਿਨ ਗੁਜ਼ਰੇ ਆਹੋ ਧਾਹ ਅੰਦਰ,
ਰਾਝਾ ਵਜਦਾ ਹਿਰਦੈਂ ਦਾ **'ਤੀਰ' ਸਾਨੂੰ।**
ਨਾਭਾ ਪਤੀ ਨੂੰ ਮੋੜ ਲੈ ਆਵਣੇ ਦੀ,
ਕੋਈ ਦਸ ਕੋਈ ਨੇਕ ਤਦਬੀਰ ਸਾਨੂੰ।
ਜ਼ਫਰ ਜਾਬਰਾਂ ਦਾ ਕਿਦਾਂ ਨਾਸ ਹੋਵੇ,
ਨਾਭਾ ਪਤੀ ਦੀ ਜਿੰਦੜੀ ਖਲਾਸ ਹੋਵੇ।
ਨਾਭੇ ਵਿਚ ਮੁੜ ਉਸੇ ਦਾ ਵਾਸ ਹੋਵੇ,
ਪੂਰੀ ਸਾਡਿਆਂ ਦਿਲਾਂ ਦੀ ਆਸ ਹੋਵੇ।

—o—

ਮਲੇ ਵੇਖ ਬਿਗਾਨਿਆਂ ਬਾਗ ਸੋਹਣੇ,
ਰਹਿੰਦੇ ਹੱਕ ਨ ਕੁਝ ਭੀ ਮਾਲੀਆਂ ਦਾ
ਤਖ਼ਤ ਤਾਜ ਖੋਹਣਾ ਤੇ ਮਜ਼ਲੂਮ ਕੋਹਣਾਂ,
ਬਦਲਾ ਦੇਂਵਦੇ ਨਿਮਕ ਹੱਲਾਲੀਆਂ ਦਾ।
ਧਰਮ ਉਡਿਆ ਤੇ ਸਰਮ ਲੋਪ ਹੋਯਾ,
ਵੇਲਾ ਆ ਗਿਆ ਏ ਰਾਤਾਂ ਕਾਲੀਆਂ ਦਾ।

—o—

ਕਲਗੀ ਵਾਲੜਾ ਤੇਰਾ ਸਹਾਈ ਹੋਵੇ,
ਰਸਤਾ ਚਾਨਣੇ ਦਾ ਕੋਈ ਦਸ ਅੜਿਆ
ਸਾਡੇ ਨਾਲ ਹੋ ਸਿਰਾਂ ਤੇ ਬੰਨ੍ਹ ਕਫਨ,
ਕੌਮੀ ਯੁਧ ਖਾਤਰ ਕਮਰਾਂ ਕਸ ਅੜਿਆ
ਵੇਖ ਪੰਥ ਮੁਸੀਬਤਾਂ ਵਿਚ ਫਸਿਆ,
ਹਥ ਉਸ ਦੇ ਨਾਲ ਵੱਟਾ ਚਲਕੇ।

ਬੀਜ ਏਕਤਾ ਦਾ ਹਥੀਂ ਬੀਜਦਾ ਜਾ,
ਬੂਟਾ ਫੁਟ ਦਾ ਛੇਤੀ ਪੁੱਟਾ ਚਲਕੇ।
ਹਿੰਦੂ ਸਿਖ ਮੁਸਲਮ ਆਰਯਾ ਇਕ ਕਰਕੇ,
ਝਗੜੇ ਝੇੜਿਆਂ ਦਾ ਰੱਟਾ ਲਾਹ ਚਲਕੇ।
ਬੂਟਾ ਆਪ "ਅਕਾਲੀ" ਜੋ ਲਾਇਆ ਈ,
ਪਾਣੀ ਪ੍ਰੇਮ ਦਾ ਉਸ ਨੂੰ ਪਾ ਚਲਕੇ।
ਮਰਦਾਂ ਵਾਂਗ ਕੁਰਬਾਨੀਆਂ ਦੇਕੇ ਤੇ,
ਬੀਰ ਜਿਹਲ ਖਾਨੇ ਅੰਦਰ ਘਲ ਬੈਠਾ।
ਸੇਵਾ ਕੌਮ ਦੀ ਪ੍ਰੇਮ ਦੇ ਨਾਲ ਕਰਦਾ,
ਗਜਦਾ ਵੇਖ ਮੈਦਾਨ ਅਟੱਲ ਬੈਠਾ।

—o—

## ਨਾਭੇ ਵਲ ਸ਼ੇਰਾ ਤੇ ਨਸਾਰ ਹੋਜਾ!

ਦਿਲਾ ਵੇਖ ਅੜਿਆ ਨਵਾਂ ਦਿਨ ਚੜ੍ਹਿਆ,
ਹੁਣ ਤਾਂ ਨਵੀਂ ਪ੍ਰੀਖਿਯਾ ਆਨ ਪਹੁੰਚੀ।
ਜ਼ੁਲਮ ਜਬਰ ਦੀ ਝੜੀ ਵਰਸਾਣ ਖਾਤਰ,
ਕਿਸਮਤ ਪਕੜ ਕੇ ਤੀਰ ਕਮਾਨ ਪਹੁੰਚੀ।
ਭਾਰੀ ਪਈ ਪੁਠੀ ਹੁਠੀ ਜਿੰਦੜੀ ਤੇ,
ਹੋਰ ਦੁਖਾਂ ਦੀ ਚਾਨਨੀ ਤਾਨ ਪਹੁੰਚੀ।
ਫੱਟੀ ਅੱਲ੍ਹਿਆਂ ਤੇ ਜਿਗਰ ਸੱਲ੍ਹਿਆਂ ਤੇ,
ਜਗ੍ਹਾ ਮਰਹਮ ਦੀ ਲੂਣ ਛਿੜਕਾਨ ਪਹੁੰਚੇ।
ਰਾਜ ਤਾਜ ਖੋਹਕੇ ਸੋਹਣਾ ਸਾਜ ਖੋਹਕੇ,
ਵੇਖ ਤਖਤ ਤੋਂ ਹੇਠ ਉਤਾਰਦੀ ਏ।

ਨਾਭੇ ਵਰਗਿਆਂ ਧਰਮੀਆਂ ਰਾਜਿਆਂ ਨੂੰ,
ਵੇਖ 'ਤੀਰ' ਅਨਿਆਉਂ ਦੇ ਮਾਰਦੀ ਏ ।

—o—

ਬੀਰਾ ਧਰਮੀਆ ! ਧਰਮ ਤੇ ਕੌਮ ਖਾਤਰ,
ਝਲੀਂ ਕਸ਼ਟ ਚਲਕੇ ਜਾਂਦੀ ਸ਼ਾਨ ਰਖੀਂ ।
ਹੋਵੇ ਵਾਲ ਵਿੰਗਾ ਨਾਭੇ ਤਾਜ ਦਾ ਨਾਂ,
ਉਸਦੇ ਵਾਸਤੇ ਤਲੀ ਤੇ ਜਾਨ ਰਖੀਂ ।
ਜਥੇਬੰਦ ਹੋਕੇ ਛੇਤੀ ਪੁਜ ਅੜਿਆ,
ਸ਼ਾਂਤਮਈ ਦਾ ਸਦਾ ਧਿਆਨ ਰਖੀਂ ।
ਧਨ ਧਾਮ ਵਾਰੀਂ ਤੇ ਸੰਤਾਨ ਵਾਰੀਂ,
ਪਿਛੇ ਮੂਲ ਨਾਹੀਂ ਖਾਨਦਾਨ ਰਖੀਂ ।
ਚਰਨ ਪਰਸਕੇ ਸਤਿਗੁਰੂ ਸੂਰਮੇ ਦੇ,
ਕਮਰ ਕਸਕੇ ਛੇਤੀ ਤਿਆਰ ਹੋਜਾ ।
ਦੇਸ ਕੌਮ ਖਾਤਰ ਆਪਣੀ ਆਨ ਖਾਤਰ,
ਨਾਲ ਚਲ ਸ਼ੇਰਾਂ ਤੇ ਨਸਾਰ ਹੋਜਾ ।

—o—

## "ਕੰਨੀਂ ਪੈਂਦੀ ਹਰਦਮ ਆਵਾਜ਼ ਦੁਖ ਦੀ"

ਕੰਨੀਂ ਪੈਂਦੀ ਹਰਦਮ ਆਵਾਜ਼ ਦੁਖ ਦੀ,
ਧੂਣੀ ਗ਼ਮਾਂ ਦੀ ਰੈਂਹਦੀ ਨਿਤ ਧੁਖਦੀ ।
ਘੜੀ ਇਕ ਨ ਬੀਤਦੀ ਹਾਏ ਸੁਖ ਦੀ,
ਚਾਰੇ ਤਰਫ਼ ਮਚਿਆ ਤੜਫਾਟ ਡਾਢਾ ।
ਭਾਗ ਆਪਣੇ, ਕਿਸੇ ਦਾ ਦੋਸ ਕੋਇ,
ਵੈਰ ਕਿਸੇ ਸੰਗ ਸਾਡੜਾ ਰੋਸ ਕੋਇ ।

ਕਰਨਾ ਸਬਰ ਫਿਰ ਖਾਵਣਾ ਜੋਸ਼ ਕੀਏ,
ਜਦ ਕਿ ਲਿਖਿਆ ਇਹੋ ਲਿਲਾਟ ਸਾਡਾ ।
ਐਪਰ ਦੁਖਾਂ ਤੋਂ ਅਤੀ ਮਜਬੂਰ ਹੋਏ,
ਪੀੜ ਦਰਦ ਦੇ ਨਾਲ ਭਰ ਪੂਰ ਹੋਕੇ ।
ਕਰੀਏ ਬੇਨਤੀ ਸਾਈਆਂ ਹਜ਼ੂਰ ਹੋਕੇ,
ਸੁਣਿਆ ਜਾਂਵਦਾ ਨਹੀ ਕੁਰਲਾਟ ਡਾਢਾ ।

—o—

ਚੌਹਾਂ ਪਾਸਿਆਂ ਤੋਂ ਹਾ ਹਾ ਕਾਰ ਆਵੇ,
ਕਿਧਰੋਂ "ਡੀਰ" ਤਲਵਾਰ ਦੀ ਮਾਰ ਆਵੇ ।
ਦੁਖੀ ਆਹ ਮਜ਼ਲੂਮਾਂ ਦੀ ਜ਼ਾਰ ਆਵੇ,
ਪਿਆ ਦਿਸਦਾ ਏ ਕੁਰਬਲਾਟ ਡਾਢਾ ।
ਅਤੀ ਸਖਤ ਨੇ ਦੁਖੀ ਕਹਾਣੀਆਂ ਏਹ,
ਲਿਖੀਆਂ ਜਾਣ ਨ ਜਾਂਣ ਵਖਾਣੀਆਂ ਵੇ ।
ਫਾਹੀਆਂ ਜਬਰ ਨੇ ਜ਼ੁਲਮਾਂ ਤਾਣੀਆਂ ਵੇ,
ਵਸਦਾ ਜ਼ੁਲਮ ਮੀਂਹ ਬੰਨ ਝਰਨਾਟ ਡਾਢਾ ।
ਨੌਕਰ ਸ਼ਾਹੀ ਨਹੀਂ ਨਿਮਕ ਹਲਾਲ ਦਿਸਦੀ,
ਜਬਰ ਕਰਨ ਮੰਦੀ ਇਸਦੀ ਚਾਲ ਦਿਸਦੀ ।
ਤਾਂਹੀ ਮਚੀ ਪਈ ਹਾਲ ਹਾਲ ਦਿਸਦੀ,
ਯਾਦ ਆਂਵਦਾ ਏ ਬਜ ਬਜ ਘਾਟ ਡਾਢਾ ।

—o—

ਗੁਰੂ ਬਾਗ਼ ਅੰਦਰ ਡਾਢਾ ਮਾਰਿਆ ਸੂ,
ਨਭੇ ਪਤੀ ਨੂੰ ਤਖਤੋਂ ਉਤਾਰਿਆ ਸੂ ।
ਅੰਦਰ ਕੈਨੀਆ ਜ਼ੁਲਮ ਗੁਜ਼ਾਰਿਆ ਸੂ,
ਸੁਣਕੇ ਜਾਂਵਦਾ ਏ ਸੀਨਾ ਪਾਟ ਡਾਢਾ ।

ਵਿਛਿਆ ਜਬਰ ਤੇ ਜ਼ੁਲਮ ਦਾ ਜਾਲ ਹੋਯਾ,
ਹਾਏ ਹਿੰਦੀਆਂ ਦਾ ਮੰਦਾ ਹਾਲ ਹੋਇਆ।
ਵੇਖ ਦੁਖੀ ਸਾਡਾ ਵਾਲ ਵਾਲ ਹੋਯਾ,
'ਡੀਰ, ਮਾਰਦਾ ਏ ਪਟਾ ਪਾਟ ਡਾਢਾ।
ਖੜੀ ਲਾਠੀਆਂ ਨਾਲ ਕੁਟਦਾ ਏ,
ਗਲੇ ਘੁਟਦਾ ਛਪੜਾਂ ਸੁਟਦਾ ਏ।
ਘਰ ਘਾਟ ਖੋਂਹਦਾ ਵੇਖ ਲੁਟਦਾ ਏ,
ਚਲਦਾ ਪਿਆ ਅਵੱਲੜੀ ਵਾਟ ਡਾਢਾ।

—o—

ਕਹਿੰਦਾ ਹਕ ਨ ਕਖ ਬੀ ਮਾਲੀਆਂ ਦਾ,
ਬੁਰਾ ਹਾਲ ਕਰਦਾ ਬਾਗ ਪਾਲੀਆਂ ਦਾ।
ਬਦਲਾ ਦੇਂਵਦਾ ਨਿਮਕਹਲਾਲੀਆਂ ਦਾ,
ਜਿਹਲ ਚਕੀਆਂ ਤੇ ਵਰਦੀ ਟਾਟ ਡਾਢਾ।
ਸਾਈਆਂ ਮੇਹਰ ਕਰ ਮਿਹਰ ਦਾ ਮਾਰ ਛੱਟਾ,
ਝਗੜੇ ਝੇੜਿਆਂ ਦਾ ਛੇਤੀ ਲਾਹ ਰੱਟਾ।
ਅਖੀਂ ਜਾਬਰਾਂ ਦੇ ਮੂਠੀ ਪਾ ਘੱਟਾ,
ਮਿਟੇ ਨਿਤ ਦਾ ਜਬਰ ਖੜਕਾਟ ਡਾਢਾ।
ਦਗੇ, ਝੂਠ, ਫ਼ਰੇਬ ਦਾ ਨਾਸ ਕਰ ਦੇ,
ਪਾਪੀ ਜਾਬਰਾਂ ਦਾ ਛੇਤੀ ਨਾਸ ਕਰਦੇ।
ਪੂਰੀ ਸਭਿਆਂ ਦਿਲਾਂਦੀ ਆਸ ਕਰਦੇ,
ਬਣੇ ਖ਼ੂਬ ਅਜ਼ਾਦੀ ਦਾ ਠਾਟ ਸਾਡਾ।

—o—

# ਨਹੀਂ ਸੌਂਣ ਤੇਰੋ ਦਰਕਾਰ ਰਿਹਾ !

(ਗੁਜਰਾਤ ਜ਼ਿਲਾ ਮਾਂਗਟ ਦੇ ਕਵੀ ਦਰਬਾਰ
ਦੀ ਅਵਲ ਦਰਜੇ ਦੀ ਇਨਾਮੀ ਕਵਿਤਾ)

ਸੁਣ ਦਿਲਾ ਕੰਢਾ ਆਹ ਭਰੇਂਦੇ,
ਦੁਖੀ ਬੇਦੀਵਾਨ ਪਏ ।
ਹਾ ਹਾ ਹਾ ਹਾ ਹਾ ਦੇ ਨਾਹਰੇ,
ਚਾਰੋਂ ਤਰਫੋਂ ਆਨ ਪਏ ।
ਪੰਛੀ ਚਾਹੇ ਅਜ਼ਦੀ ਦੇ ਪਏ,
ਕਫ਼ਸ ਵਿਚ ਕੁਰਲਾਨ ਪਏ ।
ਗ਼ਾਜ਼ੀ ਖਾਂਨ ਜ਼ਿੰਦਾਨ ਅੰਦਰ,
ਕੈਦੀ ਸੜਦੇ ਹਨ ਮੁਲਤਾਨ ਪਏ ।
'ਜ਼ਾਲਮ' ਮੌਸਮ ਸਰਦੀ ਵਾਏ,
ਤੇਰਾ ਕਹਿਰ ਗੁਜ਼ਾਰ ਰਿਹਾ ।
ਵਾਂਗ ਕਸਾਈਆਂ ਦੁਖੀਆਂ ਨੂੰ,
ਕਿਹੇ ਤੀਰ ਜਬਰ ਦੇ ਮਾਰ ਰਿਹਾ ।

—o—

ਪਹਿਲੇ ਚਮਨ ਰੰਜੀਤ ਵਿਚੋਂ,
ਇਕ ਫੁਲ 'ਦਲੀਪ' ਤਰੋੜ ਲਿਆ ।
ਪਿਛੋਂ ਸਿਖ ਫੁਲਵਾੜੀ ਦਾ,
ਜ਼ਾਲਮ ਨੇ ਮੱਤ ਨਚੋੜ ਲਿਆ ।
ਫਿਰ ਟੈਕਸ ਆਜ਼ਜ਼ ਹਿੰਦੀਆਂ ਤੇ,
ਕਰ ਪਕਾ ਕਈ ਕ੍ਰੋੜ ਲਿਆ ।

ਮੂੰਹੋ ਖੋਹ ਭਾਰਥ ਜਾਯਾਂ ਦੇ,
ਕਈ ਅਰਬ ਰੁਪੱਯਾ ਜੋੜ ਲਿਆ।
ਪਰ ਅਜੇ ਬੀ ਜਾਬਰ ਰਜਿਆ ਨਹੀਂ,
ਕਰ ਜ਼ੁਲਮ ਸਿਤਮ ਦੀ ਕਾਰ ਰਿਹਾ।
ਵਾਂਗ ਕਸਾਈ ਦੁਖੀਆਂ ਨੂੰ,
ਕਿਹੇ 'ਭੀਰ' ਜਬਰ ਦੇ ਮਾਰ ਰਿਹਾ।

—o—

ਮੋਤੀ, ਕਿਧਰੇ ਰੋਲ ਰਿਹਾ,
ਪਏ ਰੁਲਦੇ ਕੌਮੀ "ਦਰਦ" ਕਿਤੇ।
ਹੈ 'ਖੜਗ' ਕਿਤੇ 'ਬਨ ਮਜ਼ਾਨ ਪਈ,
ਦੁਖੀ ਗਾਂਧੀ ਵਰਗੇ ਮਰਦ ਕਿਤੇ।
'ਜਸਵੰਤ' 'ਬਾਏ' ਮ੍ਰਿਦੂਲਾਂ ਦੇ ਹੋਇ,
ਜਿਹਲਾਂ ਵਿਚ ਰੰਗ ਜ਼ਰਦ ਕਿਤੇ।
ਮੰਦ ਕੁੱਟਦੇ ਚਕੀਆਂ ਪੀਂਹਦੇ ਹਨ,
ਆਹ ਭਰਕੇ ਸੀਨਿਉਂ ਸਰਦ ਕਿਤੇ।
ਖੋਹ 'ਫੂਲ' 'ਫਲਾਂ' ਨੂੰ ਜਾਬਰ ਹੁਣ,
ਕਰ ਸੁੰਞੀ ਹੈ ਗੁਲਜ਼ਾਰ ਰਿਹਾ।
ਆ ਵੇਖ ਹਾਏ 'ਰਿਪੁਦਮਨ" ਨੂੰ,
ਹੈ ਤਖਤੋਂ ਹੇਠ ਉਤਾਰ ਰਿਹਾ।

—o—

ਨਨਕਾਣੇ ਬਜ ਬਜ ਜਲ੍ਹਿਆਂ ਵਿਚ,
ਹੈ ਕੀਤਾ ਸਾਡਾ ਖੂਨ ਇਸੇ।
ਗੁਰੂ ਬਾਗ ਅੰਦਰ ਹਾ ਕੋਹ ਕੋਹ,
ਛਿੜਕਿਆ ਹੈ ਜ਼ਖਮੀ ਲੂਣ ਇਸੇ।

ਬੇਹੂਦਾ ਗਦੀਉਂ ਲਾਹਣੇ ਦਾ,
ਘੜਿਆ ਹੈ ਕੜਾ ਕਨੂਨ ਇਸੇ।
ਲਾਹ ਤਖਤੋਂ ਸ੍ਰੀ ਰਿਪੁਦਮਨ ਨੂੰ,
ਭੇਜਿਆ ਹੈ ਡੇਰਾ ਦੂਨ ਇਸੇ।
ਪਿੰਜਰੇ ਵਿਚ ਸੁਖੀਏ ਪਾਰੇ,
ਦੇ ਖਿਲਾਫ ਕਾਨੂਨ ਕਰਾਰ ਰਿਹਾ।
ਹਾਏ ਕਸਾਈ ਦੁਖੀਆਂ ਨੂੰ,
ਕਿਤੇ ਤੀਰ ਜਬਰ ਦੇ ਮਾਰ ਰਿਹਾ।

—o—

ਸੋਹਣਾ ਚਮਨ 'ਫੁਲ' 'ਫਲ',
ਬਿਨਾ ਉਜੜਿਆ ਵੈਰਨਾ ਦਿਸੇ।
ਨ ਉਹ ਰੰਗ ਨ ਢੰਗ ਦਿਸੇ,
ਅਰ ਨ ਉਹ ਸਾਜ ਸਮਾਨ ਦਿਸੇ।
ਫੁਲ ਟੁੱਟੇ ਫੁਲਵਾੜੀ ਵਿਚੋਂ,
ਫਿਰ ਕਿਉਂ ਨਾ ਉਹ ਸੁਨਸਾਨ ਦਿਸੇ।
ਤਖਤ ਦਿਸੇ ਤਖਤਾ, ਜਦ ਸਾਡਾ,
ਤਾਜ ਬਿਨਾ ਸੁਲਤਾਨ ਦਿਸੇ।
ਕਰਕੇ ਯਾਦ ਪ੍ਰੀਤਮ ਨੂੰ ਹੈ,
ਦੁਖੀਆ ਲੋਕ ਪੁਕਾਰ ਰਿਹਾ।
ਕਿਉਂ ਵਾਂਗ ਕਸਾਈ ਦੁਖੀਆਂ ਨੂੰ,
ਹਾ ਤੀਰ ਜਬਰ ਦੇ ਮਾਰ ਰਿਹਾ।

—o—

ਛਡ ਆਲਸ ਹੁਣ ਉਠ ਦਿਲਾ,
ਹੈ ਵੇਲਾ ਕਸ਼ਟ ਉਠਾਣੇ ਦਾ।

ਤਜਿਆ ਸ੍ਰੀ ਰਿਪੁਦਮਨ ਨੂੰ,
ਵਿਚ ਨਾਭੇ ਮੋੜ ਲਿਆਣੇ ਦਾ।
ਸਾਹਬ ਦੀ ਸੇਵਾ ਕਰਨੇ ਦਾ,
'ਫਲ' 'ਫੂਲ' ਚਮਨ ਵਿਚ ਲਾਣੇ ਦਾ।
ਹੈ ਜਿੰਦ ਬਲੀਦਾਨ ਕਰਾਣੇ ਦਾ,
ਨਾਭੇ ਦੀ ਸ਼ਾਨ ਬਚਾਣੇ ਦਾ।
ਅਜ ਕਮਰਾਂ ਕੌਮੀ ਯੁਧ ਲਈ;
ਹੁਣ ਵਜ ਹੈ ਕੂਚਨਗਾਰ ਰਿਹਾ।
ਉਠ ਜਾਗ ਘੁਰਾੜੇ ਮਾਰ ਨਹੀਂ,
ਨਹੀਂ ਸੌਣ ਤੇਰੇ ਦਰਕਾਰ ਰਿਹਾ।

—o—

## ਤੇਰੇ ਨਾਲ ਕੀ ਖਟਿਆ ਕਲਾਮ ਕਰਕੇ !

ਤਨ ਜਾਨ ਵਾਰੀ ਤੇ ਸੰਤਾਨ ਵਾਰੀ,
ਘਰ ਘਾਟ ਬੀ ਦਿਤਾ ਨੀਲਾਮ ਕਰਕੇ।
ਕਰਦੇ ਰਹੇ ਇਜ਼ਤ ਹਦੋਂ ਵਧ ਜਿਸ ਦੀ,
ਰਹੇ ਪੂਜਦੇ ਜਿਸਨੂੰ ਅਮਾਮ ਕਰਕੇ।
ਜਾਨਾਂ ਵਾਰੀਆਂ ਸੀ ਜਿਸ ਨੂੰ ਜਾਣ ਮਿਤਰ,
ਹੋਂਦੇ ਖੁਸ਼ੀ ਸਾਂ ਜਿਸਨੂੰ ਸਲਾਮ ਕਰਕੇ।
ਬਦਲਾ ਦੇਂਵਦਾ ਏ ਖੂਬ ਨੇਕੀਆਂ ਦਾ,
ਆਖੇ ਤੁਸਾਂ ਨੂੰ ਰਖਣਾ ਗੁਲਾਮ ਕਰਕੇ।
ਜ਼ੋਰ ਤਾਣ ਲਾਕੇ ਫਾਹੀ ਜਬਰ ਪਾਕੇ,
ਕਦੇ ਮੂਲ ਅਜ਼ਾਦ ਨਹੀਂ ਹੋਣ ਦੇਣਾ।

ਤੁਸੀ ਚਾਹੁੰਦੇ ਹੋ ਤਖਤ ਤਾਜ ਲੈਣਾ,
ਨੇੜੇ ਤੁਸਾਂ ਨੂੰ ਮੈਂ ਨਹੀਂ ਛੋਹਣ ਦੇਣਾ

--o--

ਹਥੀਂ ਦੇਂਵਦਾ ਏ ਹਾਏ ਜ਼ਹਿਰ ਛੰਨਾ,
ਆਖੇ ਪੀਓ ਇਹ ਵਾਹਦਤਿ ਜਾਮ ਕਰਕੇ।
ਰਾਜ ਸਾਜ ਖੋਂਹਦਾ ਤਖਤ ਤਾਜ ਖੋਂਹਦਾ,
ਕਢਦਾ ਤਾਜ ਰਿਪ ਦਾਮਨ ਬਦਨਾਮ ਕਰਕੇ।
ਅੜਿਆ ਭੁਲ ਬੈਠੇ ਮੋਮਨ ਜਾਣ ਤੈਨੂੰ,
ਤੇਰੇ ਨਾਲ ਕੀ ਖਟਿਆ ਕਲਾਮ ਕਰਕੇ।
ਬਦਲਾ ਦੋਸਤੀ ਦਾ ਇਹ ਅਜੀਬ ਡਿਠਾ,
ਉਲਟਾ ਘੂਰਦਾ ਏ ਨਿਮਕਹਰਾਮ ਕਰਕੇ।
ਅਸਾਂ ਸਬਰ ਕੀਤਾ ਕਤਲ ਜਬਰ ਤੋਂ ਭੀ,
ਜੋਰ ਕਾਨ ਤਾਕਤ ਸਾਰੀ ਦਸ ਵਾਹ ਵਾਹ।
ਬਦਲੇ ਸਚ ਦੇ ਛਾਤੀਆਂ ਤਾਣੀਆਂ ਨੇ,
'ਤੀਰ' ਜ਼ੁਲਮ ਬੇਸ਼ਕ ਤੂੰ ਭੀ ਕਸ ਵਾਹ ਵਾਹ।

--o--

ਤੈਥੋਂ ਕੀ ਮਿਲਿਆ ਛਿਲਿਆ ਜਿਗਰ ਸਾਡਾ,
ਚਾਂਹਦੋਂ ਚਬਣਾ ਗਿਰੀ ਬਦਾਮ ਕਰਕੇ।
ਨਾਕੇ ਵਿਚ ਹੁਣ ਖਿਚ ਕਮਾਨ ਬੈਠੋਂ,
ਜਬਰ ਕਰਨ ਦੇ ਲਈ ਮੁਕਾਮ ਕਰਕੇ।
ਗੁਰੂ ਬਾਗ ਜਲਿਆਂ ਬਜ ਬਜ ਨਾਨਕਾਣੇ,
ਰਜਿਓਂ ਕਾਤਲਾ ਜੇਨ ਕਤਲਾਮ ਕਰਕੇ।
ਤਾਂ ਫਿਰ ਵਾਰ ਕਰ ਮਰਾਂ ਗੇ ਸਚ ਬਦਲੇ,
ਮਰਨਾ ਮੁਫਤ ਨਹੀਂ ਜਿੰਦੜੀ ਹਰਾਮ ਕਰਕੇ।

ਗੁਰੂ ਬਾਗ ਅੰਦਰ ਡਾਂਗਾਂ ਖਾਧੀਆਂ ਹਨ,
ਨਾਭੇ ਪਹੁੰਚ ਹੁਣ ਗੋਲੀਆਂ ਖਾਣੀਆਂ ਨੇ ।
ਜਾਨ ਵਾਰ ਨਸਾਰ ਕੇ ਬਾਗ ਸ਼ੇਰੋ,
ਫੁੱਲ ਗੁਲਸ਼ਨਾਂ ਮੋੜ ਮਹਿਕਾਂਣੀਆਂ ਨੇ ।

—o—

ਸਿਰ ਤੇ ਰਖ ਕਫ਼ਨ ਜਬਰ ਜ਼ੁਲਮ ਸਹਿਣਾ,
ਦਸ ਗਏ ਸਾਡੜੇ ਗੁਰੂ ਤੇ ਪੀਰ ਅੜਿਆ ।
ਧਰਮ ਲਈ ਜੇ ਸੀਸ ਬਲਿਦਾਨ ਹੋਵੇ,
ਸੀਨਾ ਡਾਹਕੇ ਖਾਵਣੇ "ਤੀਰ" ਅੜਿਆ ।
ਜੋਗੀ ਵਾਂਗ ਹੋ ਕੰਨ ਪੜਵਾ ਬੈਠੇ,
ਫ਼ਿਕਰ ਛਡ ਹੋ ਬਠੇ ਫ਼ਕੀਰ ਅੜਿਆ ।
ਫੁੱਲ ਬੰਸ ਸੀਏ ਗੁਲਿਸਤਾਨ ਅੰਦਰ,
ਨਵੀਂ ਮੋੜ ਲੈ ਆਂਵਣੀ "ਹੀਰ" ਅੜਿਆ ।
ਚੋਜ ਰਾਂਝਣੇ ਦੀ ਖਿਲਸੀ ਰਾਂਝਣੇ ਨੂੰ,
ਕਾਲਾ ਮੂੰਹ ਹੋਸੀ ਅੰਤ ਖੇੜਿਆਂ ਦਾ ।
ਸਚਾ ਰਬ ਸਾਂਈ ਸਾਡਾ ਅਦਲ ਕਰਸੀ,
ਬਦਲਾ ਦੇਈ ਗਾ ਝਗੜਿਆਂ ਝੇੜਿਆਂ ਦਾ ।

—o—

## ਤੇਰੀ ਸ਼ਾਨ ਤੇ ਹੋ ਰਹੇ ਵਾਰ ਹੁਣ ਤਾ

ਦਿਲਾ ! ਜੇ ਕਦੇ ਕੌਮ ਦਾ ਦਰਦ ਤੈਨੂੰ,
ਕਿਉਂ ਨਹੀ ਕੌਮ ਤੋਂ ਜਿੰਦੜੀ ਘੁਮਾ ਦੇਂਦਾ ।
ਜਾਂਦੀ ਵੇਖਕੇ ਕੌਮ ਦੀ ਸ਼ਾਨ ਅਖੀਂ,
ਕਿਉਂ ਨਹੀਂ ਜਾਨ ਸੰਤਾਨ ਤਕਲਾ ਦੇਂਦਾ ।

ਫੁਲ ਚਮਨ ਨੂੰ ਵੇਖ ਵੈਰਾਨ ਅੱਖੀਂ,
ਕਿਉਂ ਨਹੀਂ ਖ਼ੂਨ ਪਾਣੀ ਜਿਗਰੋਂ ਪਾ ਦੇਂਦਾ।
ਅਜ ਸ਼ਮਾਂ ਤੇ ਵਾਂਗ ਪ੍ਰਵਾਨਿਆਂ ਦੇ,
ਕਿਉਂ ਨਹੀਂ ਸੜਿਆ ਜਿਸਮ ਜਲਾ ਦੇਂਦਾ।
ਤੜਿਆ ਜਾਲ ਹੋਯਾ ਮੰਦਾ ਹਾਲ ਹੋਯਾ,
ਤੇਰੀ ਸ਼ਾਨ ਤੇ ਹੋ ਰਹੇ ਵਾਰ ਹੁਣ ਤਾਂ।
ਜਾਗੋ ! ਦਲ, ਕਮੇਟੀ ਨੂੰ ਦਸ ਬਾਗ਼ੀ,
ਜਾਬਰ ਕਰਨ ਪਏ ਵੇਖ ਗ੍ਰਿਫਤਾਰ ਹੁਣ ਤਾਂ।

—o—

ਗੁਰੂਘਰ ਦੀ ਲੁਟਦੀ ਪਤ ਸੁਣ ਕੇ,
ਕਿਉਂ ਨਹੀਂ ਆਹ ਦੇ 'ਤੀਰ' ਚੱਲਾ ਦੇਂਦਾ।
ਸਬਰ ਭਾਹ ਲਾਕੇ ਦੁਖੀ ਆਹ ਭਰਕੇ,
ਜ਼ੁਲਮ ਜਬਰ ਨੂੰ ਕਿਉਂ ਨਹੀਂ ਮਿਟਾ ਦੇਂਦਾ,
ਤੇਰੀਂ ਰਗੀਂ ਸ਼ਹੀਦਾਂ ਦਾ ਖ਼ੂਨ ਜੇਕਰ,
ਡੰਕਾ ਕਿਉਂ ਨਹੀਂ ਸ਼ਹੀਦੀ ਵੱਜਾ ਦੇਂਦਾ।
"ਮੈਂ ਸ਼ਹੀਦਾਂ ਦੀ ਅੰਸ ਸ਼ਹੀਦ ਹੋਸਾਂ"
ਕਿਉਂ ਨਹੀਂ ਕਾਤਲਾਂ ਤਾਈਂ ਸੁਣਾ ਦੇਂਦਾ।

—o—

"ਕਸ਼ਟ ਜਰਾਂ ਗਾ ਮਰਾਂ ਗਾ ਡਰਾਂ ਗਾ ਨਹੀਂ"
ਕਿਉਂ ਨਹੀਂ ਜਾਬਰਾਂ ਦੇ ਕੰਨੀਂ ਪਾ ਦੇਂਦਾ।
"ਮਾਰ ਸਹਾਂ ਗਾ ਤੇ ਵਾਰ ਕਰਾਂ ਗਾ ਨਹੀਂ"
ਕਿਉਂ ਨਹੀਂ ਸਦ ਇਹ ਸਾਰੇ ਪੁੱਗਾ ਦੇਂਦਾ।
"ਆਹ ਭਰਾਂ ਗਾ ਤੇ ਧੀਰ ਧਰਾਂ ਗਾ ਨਹੀਂ"
ਕਿਉਂ ਨਹੀਂ ਸ਼ੌਂਕ ਦੇ ਨਾਲ ਅੱਲਾ ਦੇਂਦਾ।

"ਸਾਹ ਲਵਾਂ ਗਾ ਨਹੀਂ ਸੁਖੀ ਸਵਾਂ ਗਾ ਨਹੀਂ"
ਜਦ ਤਕ "ਫੂਲ" ਵਿਚ ਫਲ ਨਹੀਂ ਲਾ ਦੇਂਦਾ।

—o—

ਜੈਤੋਂ ਜੁਟਿਆ ਧਰਮ ਦਾ ਯੁਧ ਸੁਣਕੇ,
ਕਿਉਂ ਨਹੀਂ ਕੂਚ ਦੇ ਢੋਲ ਖੜਕਾ ਦੇਂਦਾ।
ਉਠ ਬਿਸਤ੍ਰਾ ਵਾਂਗ ਮੁਸਾਫਰਾਂ ਦੇ,
ਕਿਉਂ ਨਹੀਂ ਸ੍ਰੀ ਅਕਾਲ ਗੱਜਾ ਦੇਂਦਾ।
ਵਰ੍ਹਨ ਗੋਲੀਆਂ ਸੋਟੀਆਂ ਕਾਤੀਆਂ ਜੇ,
ਕਿਉਂ ਨਹੀਂ ਚਲ ਛਾਤੀ ਛੇਤੀ ਡਾਹ ਦੇਂਦਾ।
ਸਿਰ ਤੇ ਕਸ਼ਟ ਝਲਕੇ ਚੰਨਾ ਦਸ! ਕਿਉਂ ਨਹੀਂ,
ਨਾਭੇ ਪਤੀ ਨੂੰ ਤਖਤ ਬਿਠੱਲਾ ਦੇਂਦਾ

—o—

ਛੇਤੀ ਚਲ ਅੜਿਆ 'ਤੀਰ' ਝਲ ਅੜਿਆ,
ਲਬੇ ਖਲ ਜੇਕਰ ਤਾਂਬੀ ਹਸ ਵਾਹ ਵਾਹ।
ਨਾਭੇ ਰਾਜ ਨੂੰ ਤਾਜ ਦੁਆਵਣੇ ਲਈ,
ਛੇਤੀ ਹੋ ਬੀਬਾ ਕਮਰ ਕਸ ਵਾਹ ਵਾਹ।
ਮਰ ਗਿਉਂ ਤਾਂ ਮਿਲਸੀ ਸ਼ਹੀਦ ਪਦਵੀ,
ਬਚ ਗਿਉਂ ਤਾਂ ਜਗਤ ਤੇ ਜਸ ਵਾਹ ਵਾਹ।
ਸੀਸ ਵਾਰਕੇ ਧਾਰਕੇ ਸਬਰ ਸ਼ਾਂਤੀ,
ਧਰਮਯੁਧ ਨੂੰ ਫ਼ਤਹ ਕਰ ਦਸ ਵਾਹ ਵਾਹ।
ਕਹਿ ਦੇਹ "ਜਾਬਰਾ ਜਬਰ ਦਾ ਮਾਣ ਤੈਨੂੰ,
ਮੈਨੂੰ ਆਪਣੇ ਸਬਰ ਤੇ ਮਾਣ ਬਹੁਤਾ।
'ਤੀਰ' ਸਬਰ ਲੈਸੀ ਤੇਰੀ ਖਬਰ ਚੰਗੀ,
ਲੈ ਹੁਣ ਤਾਣ ਛਾਤੀ ਛੇਤੀ ਜਾਣ ਬਹੁਤਾ"।

# ਛੇਤੀ ਸਾਰ ਲੈ ਗੁਰੂ ਕਰਤਾਰ ਸਾਈਆਂ!

ਰੂਪ ਰਾਜਿਆਂ ਧਾਰ ਕਸਾਈਆਂ ਦਾ,
ਫੜੀ ਜਬਰ ਦੀ ਹਥ ਤਲਵਾਰ ਸਾਈਆਂ।
ਧਰਮ ਉਡਿਆ ਤੇ ਸ਼ਰਮ ਲੋਪ ਹੋਯਾ,
ਜ਼ੋਰੋ ਸਿਤਮ ਦਾ ਗਰਮ ਬਜ਼ਾਰ ਸਾਈਆਂ।
ਰਿਹਾ ਅਦਲ ਇਨਸਾਫ਼ ਦਾ ਨਾਮ ਨਾਹੀਂ,
ਪਿਆ ਜ਼ੁਲਮ ਦਾ ਅੰਧ ਅੰਧਾਰ ਸਾਈਆਂ।
ਜਿਸਦੀ ਸ਼ਾਨ ਬਦਲੇ ਜਾਨਾਂ ਵਾਰੀਆਂ ਸੀ,
ਦਿਲੋਂ ਭੁਲਕੇ ਸੁਖਾਂ ਦੀ ਸਾਰ ਸਾਈਆਂ।
ਉਹ ਸਯਾਦ ਬਣ ਵੇਖ ਬਰਬਾਦ ਕਰਦਾ,
ਕਰਦਾ ਗੋਲੀਆਂ ਗਨਾਂ ਦੇ ਵਾਰ ਸਾਈਆਂ।
ਛੁਰੀ ਜਬਰ ਦੀ ਹਲਕ ਤੇ ਰਖ ਕਹਿੰਦਾ,
ਨਾ ਕਰ ਕੌਮ ਦੇ ਨਾਲ ਪਿਆਰ, ਸਾਈਆਂ।
ਬਾਗ਼ੀ ਆਖਦਾ ਦਲਾਂ ਅਕਾਲੀਆਂ ਨੂੰ,
ਧਰਮੀ ਆਗੂਆਂ ਕਰ ਗ੍ਰਿਫ਼ਤਾਰ ਸਾਈਆਂ।
ਪੰਥਕ ਸ਼ਾਨ ਕਮੇਟੀ ਸ਼੍ਰੋਮਣੀ ਨੂੰ,
ਦਿਤਾ ਏਸ ਹੈ ਬਾਗ਼ੀ ਕਰਾਰ ਸਾਈਆਂ।
ਜਾਨਾਂ ਵਾਰਨੇ ਕਸ਼ਟ ਸਹਾਰਨੇ ਦਾ,
ਇਵਜ਼ ਖ਼ੂਬ ਮਿਲਿਆ '[illegible]ਰ' ਮਾਰ ਸਾਈਆਂ।
ਬਦਲਾ ਦੇਂਵਦਾ ਏ ਖ਼ੂਬ ਨੇਕੀਆਂ ਦਾ,
ਇਹ ਮਹਿਬੂਬ ਦੋਸਤ ਦਿਲੀ ਯਾਰ ਸਾਈਆਂ।
ਬਾਗ਼ੀ ਬੁਲਬੁਲਾਂ ਨੇ ਬੰਦੀ ਵਾਨ ਹੋਈਆਂ।
ਮਚੀ ਕਫ਼ਸ ਅੰਦਰ ਹਾ ਹਾ ਕਾਰ ਸਾਈਆਂ

ਕਫਸ ਵਿਚ ਪਈਆਂ ਹਾਏ ਤੜਫ ਰਹੀਆਂ,
ਸੁਣੀ ਕੌਣ ਧਰਕੇ ਆਹੋ ਜ਼ਾਰ ਸਾਈਆਂ।
ਤੋੜ ਪਿੰਜਰੇ ਕਟ ਕੇ ਬੰਦੀਆਂ ਨੂੰ,
ਕਰਕੇ ਮਿਹਰ ਕਢ ਦੇ ਬਾਹਰ ਵਾਰ ਸਾਈਆਂ।
ਸ਼ਹੁ ਦਰਯਾ ਬੇੜਾ ਹਿੰਦ ਦੇਸ ਵਾਲਾ,
ਹਾਏ ਫਸਿਆ ਏ ਮੰਝਧਾਰ ਸਾਈਆਂ।
ਭਾਰਤ ਦੁਖੀ ਹੋਕੇ ਵੇਖ ਕੂਕਦੀ ਏ,
ਕਦੀਂ ਭੁੰਵਰ ਵਿਚੋਂ ਕਰੀਂ ਪਾਰ ਸਾਈਆਂ।
'ਤੀਰ' ਆਨ ਲਾਵੀਂ ਬੇੜੇ ਡੁਬਦੇ ਨੂੰ,
ਛੇਤੀ ਸਾਰ ਲੈ ਗੁਰੂ ਕਰਤਾਰ ਸਾਈਆਂ।

---

"ਦੁਖੀ ਹੋਂਵਦੇ ਨੇ ਹਿੰਦੁਸਤਾਨ ਅੰਦਰ"

ਆ ਵੇ ਵਾਲੀਆ ਵੇਖ ਜਹਾਨ ਅੰਦਰ,
ਦੁਖੀ ਹੋਂਵਦੇ ਨੇ ਹਿੰਦੁਸਤਾਨ ਅੰਦਰ।
ਪੈਰੀਂ ਬੇੜੀਆਂ ਰੁਲਨ ਜ਼ਿੰਦਾਨ ਅੰਦਰ,
ਦੂਹਾਂ ਹਾਏ ਬਿਦੇਸੀਆਂ ਜਲ ਰਹੀਆਂ।
ਸਾਬਰ ਨਿਤਰੇ ਵੇਖ ਮੈਦਾਨ ਅੰਦਰ,
ਕਰਕੇ ਸਾਬਰਾਂ ਨੂੰ ਬੰਦੀਵਾਨ ਅੰਦਰ।
ਸਾਬਰ ਪਏ ਮਰਦੇ ਕੈਦੀ ਆਨ ਅੰਦਰ,
ਜਬਰ ਆਰੀਆਂ ਤਿਖੀਆਂ ਚਲ ਰਹੀਆਂ।
ਕਈਆਂ ਬੁਲ ਬੁਲਾਂ ਨੇ ਗੁਲਿਸਤਾਨ ਅੰਦਰ,
ਰੋਈਆਂ ਪਿੰਜਰੀਂ ਬੰਦ ਸੁਜਾਨ ਅੰਦਰ।
ਬੈਠ ਬੀੜ ਅਜ਼ਾਦੀ ਦੇ ਬਾਗ਼, ਅੰਦਰ,
ਸਿਰਤੇ ਲਖਾਂ ਮੁਸੀਬਤਾਂ ਝਲ ਰਹੀਆਂ।

ਵੇਖ ਆਜਜਾ ਤੇ ਅਤਿਆਚਾਰ ਹੋ ਰਹੇ,
ਗਨਾਂ ਗੋਲੀਆਂ ਡਾਂਗਾਂ ਦੇ ਵਾਰ ਹੋ ਰਹੇ ।
ਕੌਮੀ ਚੰਨ ਅਜ ਬਾਗੀ ਕਰਾਰ ਹੋ ਰਹੇ,
ਵਲ੍ਹਾਂ ਜਬਰ ਅਨਿਆਉਂ ਨੇ ਵਲ ਰਹੀਆਂ ।

—o—

ਬਜ ਬਜ, ਨਾਨਕਾਣੇ, ਜਲ੍ਹਿਆਂ ਬਾਗ਼, ਅੰਦਰ,
ਕਹਿਰ ਵਰਤਿਆ ਲਗੇ ਹਨ ਦਾਗ਼ ਅੰਦਰ ।
'ਤੀਰ' ਸੋਟੀਆਂ ਸਾਡੜੇ ਭਾਗ ਅੰਦਰ,
'ਆਈਆਂ' ਜਿਗਰ ਅਸਾਡੜੇ ਸਲ ਰਹੀਆਂ ।
ਜ਼ਾਬਰ ਹੋਇਆ ਸੀ ਆਖਦੇ ਲੋਕ ਬਾਬਰ,
ਵਧ ਬਾਬਰੋਂ ਆਗਏ ਲਖ ਜਾਬਰ ।
ਦੁਖਾਂ ਵਿਚ ਤਲੀਂ ਵਦੇ ਪਏ ਸਾਬਰ,
ਜਿਵੇਂ ਤੇਲ ਪਕੌੜੀਆਂ ਤਲ ਰਹੀਆਂ ।

—o—

ਪਥਰ ਦਿਲ ਨੇ ਇਨਾਂ ਜਰਵਾਣਿਆਂ ਦੇ,
ਕੰਬਣ ਜਿਗਰ ਨ ਜਬਰ ਕਮਾਣਿਆਂ ਦੇ ।
ਵੇਂਹਨ ਦੁਖ ਨ ਦਰਦ ਰੋਂਦਾਣਿਆਂ ਦੇ,
ਜਿੰਦਾਂ ਪਾਕ ਨੇ ਖਾਕ ਵਿਚ ਰੁਲ ਰਹੀਆਂ ।
ਮੇਹਰਾਂ ਵਾਲਿਆ ਤੇਰੀ ਅਜ ਯਾਦ ਆਜਾ,
ਦੁਖੀ ਆਜਜ਼ਾਂ ਸੁਣਨ ਫਰਿਆਦ ਆਜਾ ।
ਤਪਦੇ ਹਿਰਦਿਆਂ ਨੂੰ ਕਰਨ ਸ਼ਾਦ ਆਜਾ,
ਵਾਟਾਂ ਸੰਗਤਾਂ ਤੇਰੀਆਂ ਮਲ ਰਹੀਆਂ ।

—o—

# ਗੁਰੂਆਂ ਗੁਰੂ ਤੇ ਪੀਰਾਂ ਦਾ ਪੀਰ ਆਯਾ

{ ਨਨਕਾਣੇ ਸਾਹਿਬ ਕਵੀ ਦਰਬਾਰ ਦੀ }
{ ਇਨਾਮੀ ਕਵਤਾ ਪਹਿਲੇ ਦਰਜੇ ਦੀ }

ਉਹ ਅਕਾਲ ਆਯਾ ਦੀਨ ਦਯਾਲ ਆਯਾ,
ਜਗਤ ਪਾਲ ਆਯਾ ਮਸਤ ਹਾਲ ਆਯਾ।
ਬਾ ਕਮਾਲ ਆਯਾ ਬਾ ਜਮਾਲ ਆਯਾ,
ਬੇ ਮਸਾਲ ਆਯਾ ਬੇਨਜ਼ੀਰ ਆਯਾ।
ਸਾਈਂ ਰੂਪ ਆਯਾ ਅਤ ਅਨੂਪ ਆਯਾ,
ਸਚਾ ਭੂਪ ਆਯਾ ਉਪਮਾ ਊਪ ਆਯਾ।
ਵਲੀਆਂ ਵਲੀ ਆਯਾ ਬਲੀਆਂ ਬਲੀ ਆਯਾ,
ਰਬੀ ਨੂਰ ਆਯਾ ਧਰਨ ਧੀਰ ਆਯਾ।
ਸਿਰਜਨ ਹਾਰ ਆਯਾ ਸੁਣ ਪੁਕਾਰ ਆਯਾ,
ਕਢਨ ਬਾਹਰ ਆਯਾ ਕਰਨ ਪਾਰ ਆਯਾ।
ਮੇਹਰ ਧਾਰ ਆਯਾ ਤੇ ਕਰਤਾਰ ਆਯਾ,
ਸਰਗੁਣ ਰੂਪ ਸਾਈਂ ਸਾਂਤ ਬੀਹ ਆਯਾ।
ਜੋਗੀ ਰਾਜ ਆਯਾ ਜਗਤ ਤਾਜ ਆਯਾ,
ਬੇ ਲਿਹਾਜ ਆਯਾ ਬੇ ਮੁਥਾਜ ਆਯਾ।
ਹਉਂਮੈਂ ਅੱਗਨ ਅੰਦਰ ਜੀਵਾਂ ਸੜਦਿਆਂ ਨੂੰ,
ਗਿਆਨ ਸ਼ਾਂਨਤੀ ਦਾ ਬਖਸ਼ਨ ਨੀਰ ਆਯਾ।
ਜਗਮਗਾਰ ਆਯਾ ਸੁਣਕੇ ਆਹ ਆਯਾ,
ਸ਼ਾਹਿਨ ਸ਼ਾਹ ਜਗ ਦਾ ਸਰਬਰਾਹ ਆਯਾ।
ਵਲੀਆਂ ਵਲੀ ਬਾਬਾ ਵਡਾ ਬਲੀ ਬਾਬਾ,
ਤਪੀਆਂ ਤਪੀ ਤੇ ਗਹਿਰਾ ਗੰਭੀਰ ਆਯਾ।

ਜਗਾ ਧਰਮ ਆਯਾ ਕਢਨ ਭਰਮ ਆਯਾ,
ਕਟਨ ਕਰਮ ਆਯਾ ਰਖਣ ਸਰਮ ਆਯਾ।
ਡਰਲੇ ਪਾਂਦਿਆਂ ਨੂੰ ਗੋਤੇ ਖਾਂਦਿਆਂ ਨੂੰ,
ਰੁੜ੍ਹੇ ਜਾਂਦਿਆਂ ਲਾਵਣੇ 'ਤੀਰ' ਆਯਾ।
ਇਕੋ ਸਾਈਂ ਦਾ ਨਾਮ ਜਪਾਨ ਵਾਲਾ,
ਭੁਲੇ ਭਟਕਿਆਂ ਨੂੰ ਰਾਹੇ ਪਾਨ ਵਾਲਾ।
ਨਾਨਕ ਨਾਮ ਵਾਲਾ ਉਚੀ ਸ਼ਾਨ ਵਾਲਾ,
ਗੁਰੂਆਂ ਗੁਰੂ ਤੇ ਪੀਰਾਂ ਦਾ ਪੀਰ ਆਯਾ।

—o—

## "ਕਰ ਦੇਣੇ ਝਬ ਆਜ਼ਾਦ ਦੁਖੀ"

—o—

ਐ ਸਿਰਤਾਜ ਸ਼ਹੀਦਾਂ ਦੇ,
ਗੁਰ ਦਸਵੇਂ ਬਲੀ ਬਹਾਦ੍ਰ ਜੀ।
ਐ ਸ੍ਰਸਟੀ ਦੇ ਕਰਤਾ ਜੀ,
ਜਗ ਮਾਲਕ ਕੁਦਰਤ ਕਾਦਰ ਜੀ।
ਵਾਲੀ ਦੀਨ ਅਨਾਥਾਂ ਦੇ,
ਦੁਖਯਾਰੀ ਹਿੰਦ ਦੀ ਚਾਦਰ ਜੀ।
ਭਗਤਾਂ ਦੇ ਅਜ ਦੁਨੀਆਂ ਤੇ,
ਪਏ ਹੋਂਦੇ ਵੇਖ ਅਨਾਦਰ ਜੀ।
ਆਹ ਦੁਖੀ ਦੀ ਦੁਖ ਭਰੀ,
ਕੀ ਪਹੁੰਚੀ ਵਿਚ ਦਰਬਾਰ ਨਹੀਂ ?

—o—

ਕੀ ਲੈ ਪ੍ਰਵਾਨੇ ਦੁਖੀਆਂ ਦੇ,
ਪਹੁੰਚੇ ਲਛਮਨ (ਸਿੰਘ) ਸਰਦਾਰ ਨਹੀਂ ?
ਕੀ ਸਾਕਾ ਨਾਨਕਾਣੇ ਦਾ,
ਜਾ ਬੀਰ ਦਿਲੀਪ (ਸਿੰਘ) ਸੁਨਾਯਾ ਨਹੀਂ ?
ਬਾਗ਼ ਗੁਰੂ ਦਾ ਦਾਗ਼ ਕਿਸੇ ਕੀ,
ਸੀਨਾ ਖੋਹਲ ਵਿਖਾਯਾ ਨਹੀਂ ।
ਜ਼ੁਲਮ ਅਤੀ ਸ੍ਰੀ ਪੰਜੇ ਦਾ,
ਪ੍ਰਤਾਪ ਹਰੀ ਜਾ ਗਾਯਾ ਨਹੀਂ ।
ਕੀ ਹਾਲ ਦੁਆਬੇ ਨਾਭੇ ਦਾ,
ਰੋ ਰੋ ਕੇ ਕਿਸੇ ਜਤਾਯਾ ਨਹੀਂ ।
ਆ ਵੇਖ ਪਿਤਾ ਅਜ ਦੁਖੀਆਂ ਦਾ,
ਤੈਂ ਬਾਝ ਕੋਈ ਗ਼ਮਖ਼੍ਵਾਰ ਨਹੀਂ ।
ਸਭ ਖਲਕਤ ਬੰਦੀਵਾਨ ਹੋਈ,
ਸੁਣ ਹੋਂਦੀ ਆਹੋ ਜ਼ਾਰ ਨਹੀਂ
ਫੁਲ ਚਮਨ ਵਿਚੋਂ ਉਜੜੇ ਹਨ,
ਹੋ ਸੁੰਞੀ ਹੈ ਗੁਲਜ਼ਾਰ ਰਹੀ
ਕੋਈ ਵਿਛੇ ਹਨ ਫਲ ਫੁਲ ਪਏ,
ਅਰ ਰੁਲਦੀ ਹੈ ਮਹਿਕਾਰ ਪਈ।
ਹਾ ਬੁਲਬੁਲ ਵਿਛੜੀ ਗੁਲਾਂ ਤੋਂ,
ਪਿੰਜਰੇ ਪੈ ਵਕਤ ਗੁਜਾਰ ਰਹੀ।
ਵਾਲੀ ਮੁਲਕਾਂ ਦੇਸਾਂ ਦੀ,
ਕੈਦੀ ਹੋ ਕਸ਼ਟ ਸਹਾਰ ਰਹੀ
ਹੋ ਸੁੰਞਾ ਗੁਲਿਸਤਾਨ ਰਿਹਾ,
ਫੂਲਾਂ ਤੇ ਭੌਰ ਗੁੰਜਾਰ ਨਹੀਂ

ਆਹ ਦੁਖੀ ਦੀ ਦੁਖ ਭਰੀ,
ਕੀ ਪਹੁੰਚੀ ਤੈਂ ਦਰਬਾਰ ਨਹੀਂ ।
ਨਹੀਂ ਖੁਲ੍ਹ ਧਰਮ ਬੀ ਕਰਨੇ ਦੀ,
ਆ ਫੁਲਾ ਅੰਵੱਲੀ ਜਾਗੀ ਹੈ
ਜੋ ਕੌਮੀ ਸੇਵਾ ਕਰਦਾ ਹੈ,
ਕਹਿ ਦੇਂਦੇ ਹਨ ਇਹ ਬਾਗ਼ੀ ਹੈ
ਬੇੜੀ ਹਥਕੜੀ ਪੁਆਂਦੇ ਹਨ,
ਅਰ ਕਹਿਣ ਦੰਡ ਦਾ ਭਾਗੀ ਹੈ
ਉਡਿਆ ਅਦਲ ਜਹਾਨੋਂ ਹੈ,
ਇਨਸਾਫ਼ ਲਈ ਬੇਦਾਦੀ ਹੈ ।
ਤੀਰ ਜਬਰ ਭਰੇ ਬੀਰ ਪਿਤਾ,
ਹੁਣ ਹੁੰਦੇ ਹੋਰ ਸਹਾਰ ਨਹੀਂ ।
ਆਹ ਦੁਖੀ ਦੀ ਦੁਖ ਭਰੀ,
ਕੀ ਪਹੁੰਚੀ ਤੈਂ ਦਰਬਾਰ ਨਹੀਂ ॥

--o--

ਹਾ ! ਦੁਖੀ ਦੀ ਹਾਲਤ ਇਹ ਅਜ,
ਹੁੰਦੀ ਮੂਲ ਬਿਆਨ ਨਹੀਂ ।
ਦਿਲ ਧੜਕੇ ਤੜਫੇ ਮਛਲੀ ਜਿਉਂ,
ਅਰ ਕਲਮ ਦੁਖੀ ਵਿਚ ਜਾਨ ਨਹੀਂ ।
ਨੀਰ ਵਹਾਵੇ ਅਖੀਆਂ ਤੋਂ,
ਤਨ ਲੁਛ ਰਿਹਾ ਵਿਚ ਪ੍ਰਾਨ ਨਹੀਂ ।
ਦਰਦ ਭਰੀ ਤੇ ਦੁਖ ਭਰੀ,
ਕਹਿ ਹੁੰਦੀ ਹੁਣ ਦਾਸਤਾਨ ਨਹੀਂ,

ਸਿਰਤਾਜ ਅਕਾਲੀ ਭੋਰ ਦੇ,
ਦਸ ਮਾਹ ਤੋਂ ਸਿਰ ਦਸਤਾਰ ਨਹੀ।
ਆਹ ਦੁਖੀ ਦੀ ਦੁਖ ਭਰੀ,
ਕੀ ਪਹੁੰਚੀ ਤੋਂ ਦਰਬਾਰ ਨਹੀਂ।

—o—

ਆ ਵੇਖ ਤੇਰੀ ਅਜ ਸੰਗਤ,
ਹੋ ਖ਼ਿਲਾਫ਼ ਕਨੂੰਨ ਕਰਾਰ ਰਹੀ।
ਦਸ ਪਈ ਜਰਵਾਂ ਹੋ ਦੇ,
ਹਾ ਜ਼ੁਲਮ! ਹੋਇ ਗ੍ਰਿਫਤਾਰ ਰਹੀ।
ਦੁਖ ਤੇ ਕਸ਼ਟ ਸਹਾਰ ਰਹੀ,
ਦਰ ਤੇਰੇ ਵੇਖ, ਪੁਕਾਰ ਰਹੀ।
ਅਜ ਭਾਵੀ ਜਾਬਰ ਰੂਪ ਬਣੀ,
ਇਕ 'ਹੀਰ' ਜਬਾ ਦੇ ਮਾਰ ਰਹੀ।
ਹਥ ਦੇਕੇ ਆਪਣੇ ਬਚਿਆਂ ਨੂੰ,
ਆ ਦੁਖ ਵਿਚ ਧੀਰ ਬੰਨ੍ਹਾਵੀਂ ਤੂੰ।
ਭਾਰਤ ਦੇ ਡੁਬਦੇ ਬੇੜੇ ਨੂੰ,
ਸਵਰਾਜ ਕੰਢੇ ਪਹੁੰਚਾਵੀਂ ਤੂੰ।

—o—

ਦਿਨ ਅਜ ਦੇ ਤੈਥੋਂ ਮੰਗਦੇ ਹਾਂ,
ਰਹੇ ਚਰਨਾਂ ਦੇ ਸੰਗ ਚਿਤ ਪਿਤਾ।
ਭਾ ਹੋਵੇ ਕੌਮੀ ਸੇਵਾ ਦਾ,
ਮੂੰਹੋਂ ਹਰ ਹਰ ਜਪਾਏ ਨਿਤ ਪਿਤਾ।
ਇਸ ਸ਼ਾਂਤਮਈ ਦੇ, ਯੁਧ ਵਿਚੋਂ,
ਸ਼ਾਂਤੀ ਰਾਹਿ ਪਾਈਏ ਜਿਤ ਪਿਤਾ।

ਅਜ ਬਖ਼ਸ਼ ਸ਼ਹੀਦੀ ਬਲ ਦੇਉ,
ਦੁਖ ਜਰਨ ਮਰਨ ਦਾ ਬਿਤ ਪਿਤਾ।
'ਭੀਰ' ਜਬਰ ਸਹੇ ਜਾਂਦੇ ਨਹੀਂ,
ਦਰ ਤੇਰੇ ਹੈ ਫਰਿਆਦ ਦੁਖੀ।
ਭਾਰਥ ਦੀ ਕਟ ਗੁਲਾਮੀ ਨੂੰ,
ਕਰ ਦੇਣੇ ਸਭ ਅਜ਼ਾਦ ਦੁਖੀ।

—o—

## "ਕਲਗੀ ਧਰ ਅਏ ਹਨ"

ਅਜ ਕੀ ਕਾਰਨ ਹੈ ਵੇਖ ਦਿਲਾ,
ਫੁਲ ਅਰਸ਼ੋਂ ਸੁਹਣੇ ਬਰਸ ਰਹੇ।
ਅਜ ਕਿਸ ਦੇ ਚਰਨਾਂ ਚਿਹਨਾਂ ਨੂੰ,
ਹਨ ਵੇਦ ਇੰਦ੍ਰ ਜਿਹੇ ਪਰਸ ਰਹੇ।
ਗੁਲਜ਼ਾਰ ਖਿੜੀ ਮਹਿਕਾਰ ਹੋਈ,
ਫੁਲਾਂ ਤੇ ਭੌਰੇ ਸਰਸ ਰਹੇ।
ਔਹ ਆ ਯਾ ਨੂਰ ਇਲਾਹੀ ਹੈ,
ਜਿਸ ਨੂੰ ਸਨ ਲੋਕੀ ਤਰਸ ਰਹੇ।

—o—

ਉਹ "ਜਨਮ ਮਰਨ ਦੋਹੂੰ ਮਹਿ ਨਾਹੀਂ,
ਜਨ ਪਰਉਪਕਾਰੀ ਆਏ" ਹਨ।
"ਜੀਅ ਦਾਨ ਦੇ ਭਗਤੀ ਲਾਇਨ,
ਹਰ ਸਿਉ ਲੈਨ ਮਿਲਾਏ" ਹਨ।

—o—

ਆਹਾ ਅਜ ਖੂਬ ਸੁਹਾਣਾ ਹੈ,
ਕਿਹਾ ਸੋਹਣਾ ਖੇੜਾ[illegible]ਨੇ ਦਾ।
ਪਈ ਗੂੰਜ ਅਕਾਲ ਅਕਾਲ ਰਹੀ,
ਸੁਣ ਰਿਹਾ ਅਵਾਜ਼ਾ ਰਟਨੇ ਦਾ।
ਅਜ ਭਗਤ ਵਛਲ ਜਗ ਆਏ ਹਨ,
ਕਰ ਖਿਆਲ ਦੁਖੀ ਦੁਖ ਕਟਨੇ ਦਾ।
ਧਰ ਧਿਆਨ ਧਰਮ ਅਸਥਾਪਨ ਦਾ,
ਅਰ ਪਾਪ ਰਾਜ ਪਲੱਟਨੇ ਦਾ।

—o—

ਕਿਹੀ ਟਹਿਕ ਰਹੀ ਫੁਲਵਾੜੀ ਹੈ,
ਖਿੜ ਕਲੀਆਂ ਮੂੰਹ ਵਿਖਾਏ ਹਨ।
ਖੁਸ਼ ਗੀਤ ਬੁਲਬੁਲਾਂ ਗਾਏ ਹਨ,
ਕਿਉਂਕਿ ਕਲਗੀ ਧਰ ਆਏ ਹਨ।

—o—

ਉਹ ਫਲ ਅਨੂਪਨ ਫੁਲਿਆ ਏ,
ਜਿਸਦੇ ਵਰਗਾ ਕੋਈ ਫੁਲ ਨਹੀਂ।
ਅਜ ਉਹ ਗੁਲ ਖੁਸ਼ਦਿਲ ਨਿਕਲਿਆ,
ਜਿਸ ਗੁਲ ਦੇ ਦੂਜਾ ਤੁਲ ਨਹੀਂ।
ਅਜ ਈਸ੍ਵਰ ਅਲਾਹ ਆਯਾ ਹੈ,
ਜਿਸ ਮਾਤ ਪਿਤਾ ਪੁਤ ਕੁਲ ਨਹੀਂ।
ਜੋ ਅਜ ਨਹੀਂ ਗਾਂਦੇ ਗੀਤ ਉਹਦੇ,
ਉਹ ਜੀਭ ਨਹੀਂ ਉਹ ਬੁਲ੍ਹ ਨਹੀਂ।

—o—

ਘਏ ਮੰਗਲ ਵਾਜੇ ਵਜਦੇ ਹਨ,
ਅਰ ਜੈ ਜੈਕਾਰ ਸੁਹਾਏ ਹਨ।
ਅਰ ਜੀਵ ਜੰਤ ਹਰਖਾਏ ਹਨ,
ਕਿਉਂ ਕਿ ਕਲਗੀ ਧਰ ਆਏ ਹਨ।

—o—

ਹੁਣ ਸ਼ਾਂਤ ਛਾਏ ਗੀ ਦੁਨੀਆਂ ਤੇ,
ਬਹੁ ਘੋਰ ਅਨੱਰਥ ਨ ਹੋਵਣ ਗੇ।
ਜੋ ਕੋਰਦੇ ਆਜਜ਼ ਦੁਖੀਆਂ ਨੂੰ,
ਦਸਮੇਸ਼ ਉਨਾਂ ਨੂੰ ਕੋਹਵਣ ਗੇ।
ਭਾਰਤ ਦੀ ਮਿਟਸੀ ਕੂਕ ਦੁਖੀ,
ਮੁੜਕੇ ਮਜ਼ਲੂਮ ਨ ਰੋਵਣ ਗੇ।
ਜਿਨ੍ਹਾਂ ਪੀਤੇ ਖ਼ੂਨ ਗ੍ਰੀਬਾਂ ਦੇ,
ਇਹ ਖ਼ੂਨ ਉਨਾਂ ਦੇ ਚੋਵਣ ਗੇ।

—o—

ਹੁਣ ਹੋਰ ਅਗੋਂ ਨਹੀਂ ਕੂਕਣਗੇ,
ਜੋ ਬਹੁਤ ਪਿਛੋਂ ਕੁਰਲਾਏ ਹਨ।
ਅਜ ਵਾਲੀ ਦੀਨ ਅਨਾਥਾਂ ਦੇ,
ਕਿਉਂਕਿ ਕਲਗੀਧਰਆਏ ਹਨ।
ਓਹ ਵੇਖ ਜਿਨ੍ਹਾਂ ਪਿਤਾ ਮਾਤਾ ਜੀ,
ਅਰ ਲਾਲ ਚਾਰ ਬੀਰ ਵਾਰੇ ਹਨ।
ਉਹ! ਚਾਰੇ ਕੀ! ਸਿਖ ਸਾਰੇ ਹੀ,
ਦੁਖੀਆਂ ਦੇਲਈ ਨਸਾਰੇ ਹਨ।
ਓਹ ਵੇਖ! ਹਿੰਦੂ ਦੁਖ ਜਾਰੇ ਹਨ,
ਖਾ 'ਤੀਰ' ਜਬਰ ਪੁਕਾਰੇ ਹਨ।

ਤਨ ਜਾਨ ਬੰਸ ਦੇ ਵਾਰ ਬਲੀ,
ਉਨਾਂ ਦੇ ਬਜਦ ਨਗਾਰੇ ਹਨ ।
ਸਭ ਜ਼ਾਲਮ ਤਕ ਘਬਰਾਏ ਹਨ,
ਸਭ ਪਾਪੀ ਸੁਣ ਥਰਰਾਏ ਹਨ ।
ਹੈ ਤੁਧ ਵਧਾਈ ਸਿਖ ਦਿਲਾ,
ਕਿਉਂਕਿ ਕਲਗੀਧਰ ਆਏਹਨ ।

—o—

## ਕਵੀ ਦਰਬਾਰ ਲਾਇਲ ਪੁਰ ਦੀ ਦੂਜੇ ਦਰਜੇ ਦੀ ਇਨਾਮੀ ਕਵਤਾ

**ਸਮੱਸਯਾ:-(ਸਾਡੇ ਨਾਲ ਨੀ ਘੋਲਨਾ ਘੋਲਿਆਈ)**

ਹਾਏ ਭਾਵੀਏ ਗਜ਼ਬ ਦਾ ਵੇਸ ਕਰਕੇ,
ਗੋਰੀ ਸੋਹਣੀ ਸ਼ਕਲ ਬਣਾ ਆਈਓਂ ।
ਮੇਮੋਂ ਠਗਨੀਆਂ ਵਾਲੜਾ ਵੇਸ ਕਰਕੇ,
ਦਿਲ ਅਸਾਂ ਦਾ ਆਨ ਕੇ ਮੋਹ ਲਿਆ ਈ ।
ਗੁਝੀ ਚਾਲ ਕਮਾਲ ਦੇ ਨਾਲ ਮੋਹਕੇ,
ਭੋਲੇ ਹਿੰਦੀਆਂ ਨੂੰ ਆਕੇ ਵਸ ਕੀਤਾ ।
ਧਨ ਅਨ ਤੇ ਮਾਲ ਸਭ ਗਬਨ ਕੀਤਾ,
ਬਣਕੇ ਜੋਕ ਵਾਂਗੂ ਸਾਰਾ ਚੋ ਲਿਆ ਈ ।
ਗੁਰੂ ਬਾਗ ਜਲ੍ਹਿਆਂ ਬਜ ਬਜ ਨਾਨਕਾਣੇ,
ਫੇਰ ਕਹਿਰ ਤੇ ਸਿਤਮ ਵਰਤਾਇਆ ਈ ।
ਖੂਨ ਧਰਮੀਆਂ ਦੇ ਬੇਸ਼ੁਮਾਰ ਕਰਕੇ,
ਲੋਹੂ ਨਦੀਆਂ ਦੇ ਵਾਂਗ ਡੋਹਲਿਆ ਈ ।

ਘੇਰਕੇ ਪੂਜਨੀਕ ਬਮਨ, ਹਾ ! ਜਬਰ ਕੀਤਾ,
ਧਰਮੀ ਬੁਲਬੁਲਾਂ ਪਿੰਜਰੀ, ਪਾਈਆਂ ਨੀ।
ਭਰੀ ਆਹ ਜਦੋਂ ਉਹਨਾਂ ਦੁਖੀ ਹੋਕੇ,
ਬੂਹਾ ਕਫ਼ਸ ਦਾ ਸੜਦਿਆਂ ਖੋਹਲਿਆ ਈ।
ਡਾਂਗਾਂ ਮਾਰੀਆਂ ਨੀ ਸਾਂਗਾਂ ਚੋਭੀਆਂ ਨੀ,
ਤੇਜ਼ ਕਾਤੀਆਂ ਜਿਗਰ ਵਿਚ ਖੋਭੀਆਂ ਨੀ
ਹੈਂ ਸਿਆਰੀਏ ਦਾੜ੍ਹੀਆਂ ਕੇਸ ਪੁਟੇ,
ਅਗੋਂ ਇਕ ਬੀ ਦਸ ਖਾਂ ਬੋਲਿਆ ਈ।
ਦਸੇ ਕੌਣ ਹਾਏ ਸਾਕਾ ਦਰਦ ਭਰਿਆ,
ਸੁਣੇ ਦਿਲ ਨ ਉਸਤੋਂ ਜਾਏ ਜਰਿਆ।
ਖੰਭ ਤੋੜ ਹਾਏ ਬਿਸਮਲ ਜਾਨ ਕਰਕੇ,
ਫੇਰ ਰਿਕੜੀਂ ਛਪੜੀਂ ਝੋਲਿਆ ਈ।
ਗਾਜ਼ੀ ਖਾਨ, ਮੁਲਤਾਨ ਜਿੰਦਾਂ ਅੰਦਰ,
ਸਾਡੀ ਖੜਗ ਤਾਂਈ ਬਿਨਾ ਮਿਆਨ ਕੀਤਾ।
ਮੋਤੀ, ਹੀਰਿਆਂ, ਮੰਗਲਾਂ ਸੁੰਦਰਾਂ ਨੂੰ,
ਘਟੇ ਕੌਡੀਆਂ ਦੇ ਵਾਂਗ ਰੋਲਿਆਈ।
ਸੁਣ ਐ ਬੇਦਰਦ ! ਤੁਧ ਲਈ ਲਾਲ ਲਖਾਂ,
ਦਿਤੇ ਵਾਰ ਪਰ ਭਤਕਰਾ ਖੂਬ ਮਿਲਿਆ।
'ਤੀਰ' ਮਾਰਿਆਈ ਜਿਗਰ ਸਲਿਆਈ,
ਲੂਣ ਛਿੜਕ ਫਿਰ ਜ਼ਖਮ ਨੂੰ ਛੋਲਿਆ ਈ।
ਜੇਕਰ ਲਿਖਣ ਲਗਦਾ ਸੀਨਾ ਪਾਟਦਾ ਹੈ,
ਕਲਮ ਰੋਂਵਦੀ ਸਬਰ ਦੀ ਆਹ ਭਰਦੀ।
ਆਵੇ ਯਾਦ ਫਰਿਆਦ ਫਰਿਹਾਦ ਨਿਕਲੇ,
ਕੁਫਰ ਕੂੜ ਜਿਹੜਾ ਬਿਰਥਾ ਤੋਲਿਆ ਈ।

ਅਗੇ "ਚਮਨ" 'ਰੰਜੀਤ' ਵੈਰਾਨ ਕੀਤਾ,
ਤੋੜ ਸੁਟਿਆ ਫੁਲ ਦਿਲੀਪ ਹਾਏ।
'ਫੁਲ" ਚਮਨ ਹੁਣ ਪੁਟਣਾ ਚਾਹੁੰਦੀ ਹੈਂ,
ਫੁਲ ਗਜ਼ਬ ਦਾ ਟਹਿਕਦਾ ਖੋਹ ਲਿਆ ਈ।
ਰਾਜ ਭਾਜ ਖੋਹਕੇ ਬੰਦੀਵਾਨ ਕਰਕੇ,
ਧਰਮ ਕਰਦਿਆਂ ਨੂੰ ਹਾਏ ਕਹੇਂ ਬਾਗੀ।
ਦਫ਼ਾ ਦਫ਼ਾ ਹੋ ਤੈਨੂੰ ਦਫ਼ਨਾ ਦੇਈਏ,
ਸਾਡੇ ਨਾਲ ਕੀ ਘੋਲਨਾ ਘੋਲਿਆ ਈ

—੦—

## ਦੋਹੀਂ ਹਥੀਂ ਲਡੂ ਸਿਖਾ ਖਾਲੈ ਜਿਹੜਾ ਖਾਣਾਹੈ

{ ਕਵਤਾ ਮਰੀ ਅਨੁਸਾਰ, ਕਵੀ ਦਰਬਾਰ ਲੈਲਪੁਰ
ਦੀ ਅਵਲ ਦਰਜੇ ਦੀ ਇਨਾਮੀ ਕਵਤਾ }

ਔਹ ਲੈ ਵੇਖ ਦਿਲਾ ਕੋਈ ਆਂਵਦਾ ਇਲਾਹੀ ਨੂਰ,
ਬਾਂਕੜਾ ਜਵਾਨ ਬਾਜ ਹਥ ਤੇ ਸੁਹਾਣਾ ਹੈ।
ਕਲਗੀ ਸਜਾਈ ਤੇਗ ਸੋਹਿਣੀ ਕਮਰ ਪਾਈ,
ਤੇਜ ਪ੍ਰਤਾਪ ਵਾਲਾ ਮਨ ਤਾਂਈ ਭਾਣਾਹੈ।
ਆਖਦਾ ਹਲੂਣ ਛੇਤੀ ਉਠ ਸੁਤੇ ਗਾਫਲਾ ਵੇ,
ਤੁਧ ਤਾਈਂ ਨਵਾਂ ਇਕ ਹੁਕਮ ਸੁਣਾਣਾ ਹੈ।
ਕੰਨ ਖੋਲ੍ਹ ਸੁਣ ਹੁਣ ਨਹੀਂ ਵੇਲਾ ਗਾਫਲੀ ਦਾ,
ਦੋਹੀਂ ਹਥਾਂ ਲਡੂ ਸਿਖਾ ਖਾਲੈ ਜਿਹੜਾ ਖਾਣਾਹੈ।

—੦—

ਇਕ ਬੰਨੇ ਦੇਸਸੇਵਾ ਕੌਮ ਦਾ ਪ੍ਰੇਮ ਦਰਦ,
ਦੂਜੇ ਬੰਨੇ ਗਲਾ ਸੱਕੇ ਵੀਰਾਂ ਦਾ ਵਢਾਣਾਂ ਹੈ।

ਇਕ ਬੰਨੇ ਝੋਲੀ ਚੁਕ, ਜੀ ਹਜ਼ੂਰ ਮਾਈ ਬਾਪ,
ਦੂਜੇ ਬੰਨੇ ਕੌਮ ਲਈ ਕਾਲੇ ਪਾਨੀ ਜਾਣਾ ਹੈ
ਇਕ ਬੰਨੇ ਕੌਮ ਵਿਚ ਕੌਮ ਘਾਤੀ ਤੇ ਅਸਿਖ,
ਦੂਜੇ ਦੇਸ ਸੇਵਕ ਤੇ ਸਿਖ ਅਖਵਾਣਾ ਹੈ।
ਇਕ ਬੰਨੇ ਲਾਹਨਤ ਤੇ ਦੂਜੇ ਵਡਿਆਈ ਮਾਨ,
ਦੋਹੀਂ ਹਥੀਂ ਲਡੂ ਸਿਖਾ ਖਾਲੈ ਜਿਹੜਾ ਖਾਣਾ ਹੈ।

—o—

ਇਕ ਬੰਨੇ ਦੇਵਨੀ ਗੁਆਹੀ ਤੇ ਪੁਆਣੀ ਫਾਹੀ,
ਦੂਜੇ ਬੰਨੇ ਧਰਮੀਆਂ ਨੂੰ ਕਾਲੇ ਪਾਨੀ ਜਾਣਾ ਹੈ।
ਇਕ ਬੰਨੇ ਸਚਿਆਂ ਨੂੰ ਆਖਣਾਂ ਨੇ ਭੁਲੇ ਲੋਕ,
ਦੂਜੇ ਪਾਸੇ ਡਾਕੂ ਚੋਰ ਬਾਗੀ ਬਣਵਾਣਾ ਹੈ।
ਇਕ ਬੰਨੇ ਭੂੰਡ ਵਾਂਗ ਗੰਦ ਮੰਦ ਫੋਲਨਾ ਹੈ,
ਦੂਜੇ ਬੰਨੇ ਵਾਂਗ ਪ੍ਰਵਾਨੇ ਜਲ ਜਾਣਾ ਹੈ।
ਇਕਬੰਨੇ ਧਰਮ ਤੇ ਦੂਜੇ ਬੰਨੇ ਘੋਰ ਪਾਪ,
ਦੋਹੀਂ ਹਥਾਂ ਲਡੂ ਸਿਖਾ ਖਾਲੈ ਜਿਹੜਾ ਖਾਣਾ ਹੈ

—o—

ਇਕ ਬੰਨੇ ਫਲ ਫੂਲ ਤੋੜ ਕੇ ਉਜਾੜਨਾ ਹੈ,
ਦੂਜੇ ਬੰਨੇ ਮਾਲੀ ਬਨ ਖੂਨ ਪਾਨੀ ਪਾਣਾ ਹੈ।
ਇਕ ਬੰਨੇ ਚਮਨ ਨੂੰ ਜੜਾਂ ਤੋਂ ਉਖੜਨਾ ਹੈ,
ਦੂਜੇ ਬੰਨੇ ਜਾਨ ਵਾਰ ਮੋੜਕੇ ਮਹਿਕਾਣਾ ਹੈ
ਇਕ ਬੰਨੇ ਜਿੰਦ ਦੁਖੀ ਹਿੰਦ ਤੋਂ ਘੁਮਾਵਣੀ ਹੈ,
ਦੂਜੇ ਬੰਨੇ ਕੁਲ ਨੂੰ ਕਲੰਕ ਦਾਗ ਲਾਣਾ ਹੈ।
ਹੇ ਸਾਈਂ ਭੁਲੇ! ਵੇਖ ਦੋਂਵੇਂ ਰਾਹ ਖੁਲ੍ਹੇ ਪਏ,
ਦੋਹੀਂ ਹਥੀਂ ਲਡੂ ਸਿਖਾ ਖਾਲੈ ਜਿਹੜਾ ਖਾਣਾ ਹੈ।

ਇਕ ਬੰਨੇ ਦੁਖੀਆਂ ਦੇ ਦੁਖਾਂ ਨੂੰ ਵੰਡਾਵਣਾ ਹੈ,
ਦੂਜੇ ਬੰਨੇ ਆਜਜ਼ਾਂ ਨੂੰ ਕੋਹਣਾ ਤੇ ਦੁਖਾਣਾ ਹੈ।
ਇਕ ਬੰਨੇ ਲੁਟਣਾ ਮੁਰਾਦਾਂ ਤਾਂਈਂ ਦੁਖੀ ਕਰ,
ਦੂਜੇ ਬੰਨੇ ਦੇਸ਼ ਲਈ ਸੂਲੀ ਚੜ੍ਹ ਜਾਣਾ
ਇਕ ਬੰਨੇ ਰੇਹਵਣਾ ਗੁਲਾਮ ਬਦਨਾਮ ਹੋਕੇ,
ਦੂਜੇ ਬੰਨੇ ਹੋ ਅਜ਼ਾਦ ਸ਼ਾਨ ਨੂੰ ਵਧਾਣਾ ਹੈ
ਇਕ ਬੰਨੇ 'ਤੀਰ' ਖਾਣੇ ਦੂਜੇ ਖੂਨ ਖੀਰ ਪੀਣਾ,
ਦੋਹੀਂ ਹਥੀਂ ਲਡੂ ਸਿਖਾ ਖਾਲੈ ਜਿਹੜਾ ਖਾਣਾ ਹੈ

—o—

## ਸੋਹਣਾ ਸੋਭਦਾ ਕਾਲਾ ਨਸ਼ਾਨ ਬਹੁਤਾ

ਸੁਣ ਵੇ ਚਿਟਿਆ! ਜਗਤ ਤੇ ਕਾਲਿਆਂ ਦਾ,
ਸਦਾ ਹੋਂਵਦਾ ਹੈ ਯਾਰ ਮਾਨ ਬਹੁਤਾ।
ਸਦਾ ਵਸਦਾ ਏ ਅੰਦਰ ਕਾਲਿਆਂ ਦੇ,
ਬਾਹੂ ਬਲ ਹਿਮਤ ਜੋਰ ਤਾਨ ਬਹੁਤਾ।
ਅਖਾਂ ਵਿਚ ਹਨ ਧੀਰੀਆਂ ਕਾਲੀਆਂ ਵੇ,
ਜਗਤ ਵਿਚ ਹੈ ਜਿਨ੍ਹਾਂ ਦਾ ਸ਼ਾਨ ਬਹੁਤਾ।
ਜ਼ੁਲਫਾਂ ਕਾਲੀਆਂ ਹੋਣ ਮਤਵਾਲੀਆਂ ਵੇ,
ਇਸ਼ਕ ਪ੍ਰੇਮ ਦੇ "ਤੀਰ" ਚਲਾਨ ਬਹੁਤਾ।
ਜਦੋਂ ਹੋਣ ਚਿਟੇ ਮਾਰੇ ਹਥ ਪਿਟੇ,
ਵੇਰੀ ਵਾਹ ਸਿਟੇ ਘਰ ਨ ਕਦਰ ਮਾਸਾ
ਕਾਲਾ ਹੋਵਣੇ ਦੀ ਯਾਰ ਦਸ ਤੈਨੂੰ,
ਕਿਉਂ ਨਹੀਂ ਆਂਵਦੀ ਕਦੇ ਬੀ ਸਦਰ ਮਾਸਾ।

—o—

ਗੋਰੇ ਮਥਿਆਂ ਤੇ ਵੇਖ ਤਾਜ ਬਣਕੇ,
ਸੋਹਣਾ ਸੋਭਦਾ ਕਾਲਾ ਨਸ਼ਾਨ ਬਹੁਤਾ।
ਕਾਲਾ ਕਜਲਾ ਨੇਤਰਾਂ ਵਿਚ ਪੈਕੇ,
ਕਰਦਾ ਅਖੀਆਂ ਮਸਤ ਮਸਤਾਨ ਬਹੁਤਾ।
ਕਾਲਾ ਰੰਗ ਸਭ ਰੰਗਾਂ ਨੂੰ ਮਾਤ ਕਰਕੇ,
ਦੇਂਦਾ ਰਹਿਣ ਨਹੀ ਨਾਮੋ ਨਿਸ਼ਾਨ ਬਹੁਤਾ।
ਚਿਟੀ ਵੇਖ ਤਲਵਾਰ ਦੇ ਢਕਣੇ ਨੂੰ,
ਲੋੜ ਪੈਂਵਦਾ ਕਾਲਾ ਮਿਆਨ ਬਹੁਤਾ।
ਬਿਨਾ ਕਾਲਿਆਂ ਦੇ ਵੇਖ ਚਿਟਿਆਂ ਨੇ,
ਜਾਕੇ ਜਿਤਿਆ ਨ ਜੰਗ ਗਦਰ ਮਾਸਾ।
ਕਾਲਾ ਹੋਵਣੇ ਦੀ ਯ ਰ ਦਸ ਤੈਨੂੰ,
ਕਿਉਂ ਨਹੀ ਆਂਵਦੀ ਕਦੇਬੀਸਦਰ ਮਾਸਾ।

—o—

ਕਾਲਾ ਨਾਗ ਜਦ ਕਿਸੇ ਨੂੰ ਡੰਗਦਾ ਏ,
ਵੇਖ ਤੜਫਦਾ ਏ ਨੀਮ ਜਾਨ ਬਹੁਤਾ।
ਕਾਲਾ ਕੋਇਲਾ ਜਦੋਂ ਅੰਗਿਆਰ ਹੋਵੇ,
ਲਖਾਂ ਸਾੜਦਾ ਬਣਕੇ ਤੂਫਾਨ ਬਹੁਤਾ।
ਲੋਹਾ ਵੇਖ ਕਾਲਾ ਹੋਂਦਾ ਬਲ ਵਾਲਾ,
ਜਿਨੂੰ ਚਾਹੁੰਦਾ ਸਾਰਾ ਜਹਾਨ ਬਹੁਤਾ।
ਕਾਲਾ ਕਾਲ ਦਾ ਰੂਪ ਸੁਣੀਂਵਦਾ ਏ,
ਸੁਣਕੇ ਜੀਵ ਜਿਸਨੂੰ ਭੈ ਖਾਨ ਬਹੁਤਾ।
ਕਾਲੇ ਰੰਗ ਦੀ ਵੇਖ ਲੈ ਹੋਰ ਖੂਬੀ,
ਰੰਗ ਦੇਂਵਦਾ ਏ ਇਕ ਚੜ ਮਾਸਾ।

ਕਾਲਾ ਹੋਵਣੇ ਦੀ ਯਾਰ ਦਸ ਤੈਨੂੰ,
ਕਿਉਂ ਨਹੀਂ ਆਂਵਦੀ ਕਦੇ ਬੀ ਸਦਰ ਮਾਸਾ।

—o—

ਕਾਲੇ ਬੈਠ ਕੋਇਲ ਜਿਥੇ ਕੂਕਦੀ ਏ,
ਹੋਂਦਾ ਖੁਸ਼ਨੁਮਾ ਉਹ ਗੁਲਿਸਤਾਨ ਬਹੁਤਾ।
ਕਾਲੇ ਕ੍ਰਿਸ਼ਨ ਨੂੰ ਪੂਜਦੇ ਪਏ ਲੋਕੀ,
ਆਖਣ ਗੋਪੀਆਂ ਦਾ ਸੁੰਦਰ ਕਾਹਨ ਬਹੁਤਾ।
ਤਿਤਰ ਵੇਖ ਕਾਲਾ ਹੋਂਦਾ ਬਲ ਵਾਲਾ,
ਕਿਉਂ ਕਿ "ਬੋਲਦਾ ਕੁਦਰਤ ਸੁਭਾਨ" ਬਹੁਤਾ।
ਕਾਲੀ ਬਦਲੀ ਖਿਜ਼ਾਂ ਦੀ ਕਰੇ ਬਦਲੀ,
ਜਦੋਂ ਵਰ੍ਹੇ ਰੁੱਖੇ ਲਹਿਲਹਾਨ ਬਹੁਤਾ।
ਅਖੀਂ ਕਾਲੀਆਂ ਜਦੋਂ ਸਫ਼ੈਦ ਹੋਵਣ,
ਅੰਧਾ ਹੁੰਦ ਨ ਆਂਵਦਾ ਨਜ਼ਰ ਮਾਸਾ।
ਕਾਲਾ ਹੋਵਣੇ ਦੀ ਯਾਰ ਦਸ ਤੈਨੂੰ,
ਕਿਉਂ ਨਹੀਂ ਆਂਵਦੀ ਕਦੇ ਬੀ ਸਦਰ ਮਾਸਾ।

—o—

ਕਾਲਾ ਹੋਣ ਬਾਝੋਂ ਤੇਰੀ ਗਤੀ ਨਾਹੀਂ,
ਯਾਰ ਫੜ ਦੇ ਕੰਮ ਤੂੰ ਜਾਬਰੀ ਦਾ।
ਨਾਲ ਕਾਲਿਆਂ ਦੇ ਪਾਲ ਲਗੀਆਂ ਨੂੰ,
ਹੋਕਾ ਫੇਰ ਦੇਹ ਸਾਰੇ ਬਰਾਬਰੀ ਦਾ।

—o—

# ਖੁਦਾ ਆਪ ਦਾ ਭਲਾ ਕਰੇ

ਇਸ ਪਰਕਾਰ ਦੀਆਂ ਪਰਸ਼ਨਤਾ ਭਰੀਆਂ ਚਿਠੀਆਂ ਉਨਾਂ ਮੁਸਲਮਾਨਾਂ ਹਿੰਦੂਆਂ ਤੇ ਸਿੰਘਾਂ ਵਲੋਂ ਆਈਆਂ ਹੈਨ, ਜਿਨਾਂ ਨੂੰ ਦਸ ਦਸ ਸਾਲ ਦੀ ਪੁਰਾਣੀ ਧਧਰ ਸੀ, ਤੇ ਖੁਰਕ ਇਸ ਕਦਰ ਹੋਂਦੀ ਸੀ, ਕੇ ਹਰ ਵੇਲੇ ਹਥ ਧਧਰ ਤੇ ਰੈਹਦਾ ਸੀ, ਖਾਰਸ਼ ਨਾਲ ਗੰਦਾ ਪਾਣੀ ਸਿਮਣ ਨਾਲ ਦਿਲ ਘਟਦਾ ਸੀ, ਅਸਾਡੀ ਇਸ ਦੁਵਾਈ ਦੇ ੩ ਦਿਨ ਲਗਾਤਰ ਵਰਤਨ ਨਾਲ ਧਧਰੀ ਦਾ ਨਾਮ ਨਿਸ਼ਾਨ ਨਹੀਂ ਰੈਹਦਾ, ਤੇ ਫਿਰ ਕਦੀ ਫਰਤੀਆ ਧਧਰੀ ਹੋਂਦੀ ਹੀ ਨਹੀਂ ਇਸ ਦਵਾਈ ਦੇ ਲਗਾਂਣ ਨਾਲ ਨਾ ਕੋਈ ਦਰਦ ਹੋਂਦੀ ਹੈ, ਤੇ ਨਾ ਕੋਈ ਜਲਨ,

ਕੀਮਤ ।।।) ਬਾਰ੍ਹਾਂ ਆਨੇ

ਮਗਾਂਨ ਦਾ ਪਤਾ:—

ਭਾਈ ਸੁਚਾ ਸਿੰਘ ਸੋਦਾਗਰ

ਦਵਾਈਆਂ ਵਾਲੇ ਛਤੀ ਖੂਹੀ

ਮੁਤਸਲ ਚਾਵਲ ਮੰਡੀ

ਅਮ੍ਰਿਤਸਰ

# ਕੈਦੀ ਬੀਰ

ਅਰਥਾਤ

## ਮਹਾਰਾਜਾ ਨਾਭਾ ਦੇ ਰਾਜ
## ਤਿਆਗ ਦੇ ਦੁਖੜੇ

ਰਚਿਤ ਸ੍ਰ: ਅਵਤਾਰ ਸਿੰਘ ਜੀ 'ਆਜ਼ਾਦ'

ਪੜ੍ਹਨ ਯੋਗ ਹੈ ਮੁਲ ਕੇਵਲ ॥=)

ਨਾਵਲ

ਕਲਜੁਗੀ ਮਾਤਾ ਤੇ ਸਤਿਜੁਗੀ ਪੁਤ੍ਰ ਅਰਥਾਤ ਪੰਜਾਬੀ

ਰਾਜ ਦੁਲਾਰਾ ਕੀਮਤ ੧)

ਜ਼ਖਮੀ ਦਿਲ ।=)

ਕੂਚ ਦਾ ਨਗਾਰਾ ।=)

ਮਿਲਨ ਦਾ ਪ੍ਰਸਿਧ ਪਤਾ:—
ਸੋਢੀ ਉੱਤਮ ਸਿੰਘ ਹਰਨਾਮ ਸਿੰਘ ਪੁਸਤਕਾਂ ਛਾਪਨ ਤੇ
ਵੇਚਨ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ